## ਸੰਪਾਦਕੀ

# ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਾਲੀਆ ਰਿਪੋਰਟ ਨੇ ਵੱਡੀ ਚਿੰਤਾ ਵੱਲ ਇਸ਼ਾਰਾ

ਦੇਸ਼ ਦੇ ਕਈ ਰਾਜਾਂ ਵਿਚ ਇਸ ਸਮੇਂ ਪ੍ਰਦੂਸ਼ਣ ਕਾਰਨ ਹਾਹਾਕਾਰ ਮਚੀ ਪਈ ਸੀ। ਹਰਿਆਣਾ ਦੀ ਉਦਯੋਗਿਕ ਤਰੱਕੀ ਲੰਮੇ ਸਮੇਂ ਤੋਂ ਸੂਬੇ ਦਾ ਮਾਣ ਰਹੀ ਹੈ। ਮਾਨੇਸਰ ਦੇ ਆਟੋਮੋਬਾਈਲ ਹੱਬ ਤੋਂ ਲੈ ਕੇ ਸੂਬੇ ਭਰ ਵਿੱਚ ਫੈਲੇ ਨਿਰਮਾਣ ਕੇਂਦਰਾਂ ਤੱਕ, ਉਦਯੋਗਾਂ ਨੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ, ਨਿਵੇਸ਼ ਖਿੱਚਿਆ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਹੈ। ਪਰ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਾਲੀਆ ਰਿਪੋਰਟ ਨੇ ਵੱਡੀ ਚਿੰਤਾ ਵੱਲ ਇਸ਼ਾਰਾ ਕੀਤਾ ਹੈ। ਰਿਪੋਰਟ ਮੁਤਾਬਿਕ ਸੂਬੇ ਦੀਆਂ ਲਗਪਗ 3,000 ਉਦਯੋਗਿਕ ਇਕਾਈਆਂ ਕੋਲ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਲੋੜੀਂਦੇ ਉਪਕਰਨ ਹੀ ਮੌਜੂਦ ਨਹੀਂ ਹਨ। ਇਹ ਅੰਕੜਾ ਇੱਕ ਗੰਭੀਰ ਚਿਤਾਵਨੀ ਹੈ ਕਿ ਅੰਨ੍ਹੇਵਾਹ ਵਿਕਾਸ ਦੀ ਕੀਮਤ ਸਾਫ਼ ਆਬੋ-ਹਵਾ ਨੂੰ ਦਾਅ ’ਤੇ ਲਾ ਕੇ ਨਹੀਂ ਚੁਕਾਈ ਜਾ ਸਕਦੀ। ਇਹ ਚਿੰਤਾਜਨਕ ਸਥਿਤੀ ਸਿਰਫ਼ ਹਰਿਆਣਾ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਪੰਜਾਬ ਵੀ ਅਜਿਹੇ ਵਾਤਾਵਰਨ ਸੰਕਟ ਨਾਲ ਜੂਝ ਰਿਹਾ ਹੈ। ਲੁਧਿਆਣਾ, ਮੰਡੀ ਗੋਬਿੰਦਗੜ੍ਹ ਅਤੇ ਅੰਮ੍ਰਿਤਸਰ ਵਰਗੇ ਪੰਜਾਬ ਦੇ ਪ੍ਰਮੁੱਖ ਉਦਯੋਗਿਕ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਲਗਾਤਾਰ ਨਿਘਰਦੀ ਜਾ ਰਹੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨਿਯਮਾਂ ਦੇ ਬਾਵਜੂਦ ਕਈ ਫ਼ੈਕਟਰੀਆਂ ਅਤੇ ਕਾਰਖਾਨੇ ਪ੍ਰਦੂਸ਼ਣ ਰੋਕਣ ਵਾਲੇ ਉਪਕਰਨਾਂ ਤੋਂ ਬਗ਼ੈਰ ਚੱਲ ਰਹੇ ਹਨ। ਉਦਯੋਗਿਕ ਜ਼ੋਨਾਂ ਦੇ ਆਸ-ਪਾਸ ਰਹਿਣ ਵਾਲੇ ਵੱਡੀ ਗਿਣਤੀ ਲੋਕ ਖ਼ਾਸ ਕਰਕੇ ਬੱਚੇ ਅਤੇ ਬਜ਼ੁਰਗ ਸਾਹ ਨਾਲ ਸਬੰਧਤ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਹਰਿਆਣਾ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਵਿੱਚ ਮਾਨੇਸਰ ਦਾ ਨਾਂ ਸਭ ਤੋਂ ਉੱਪਰ ਹੈ, ਜੋ ਬੇਹੱਦ ਫ਼ਿਕਰ ਦੀ ਗੱਲ ਹੈ। ਇਹ ਉਦਯੋਗਿਕ ਕਸਬਾ ਨਾ ਸਿਰਫ਼ ਆਰਥਿਕਤਾ ਦਾ ਮੁੱਖ ਧੁਰਾ ਹੈ, ਸਗੋਂ ਇੱਥੇ ਹਜ਼ਾਰਾਂ ਮਜ਼ਦੂਰ ਪਰਿਵਾਰ ਰਹਿੰਦੇ ਹਨ, ਜੋ ਰੋਜ਼ ਫ਼ੈਕਟਰੀਆਂ ਦੇ ਜ਼ਹਿਰੀਲੇ ਧੂੰਏਂ ਵਿੱਚ ਸਾਹ ਲੈਂਦੇ ਹਨ। ਅਕਸਰ ਪ੍ਰਦੂਸ਼ਣ ਦੀ ਚਰਚਾ ਸਿਰਫ਼ ਧੁੰਦ ਦੇ ਮੌਸਮ ਜਾਂ ਪਰਾਲੀ ਸਾੜਨ ਦੇ ਸੰਦਰਭ ਵਿੱਚ ਹੀ ਕੀਤੀ ਜਾਂਦੀ ਹੈ, ਪਰ ਉਦਯੋਗਾਂ ’ਚੋਂ ਬਾਰਾਂ ਮਹੀਨੇ ਜ਼ਹਿਰੀਲਾ ਧੂੰਆਂ ਉੱਠਦਾ ਰਹਿੰਦਾ ਹੈ ਜੋ ਲੋਕਾਂ ਨੂੰ ਬਿਮਾਰੀਆਂ ਵੰਡ ਰਿਹਾ ਹੈ। ਕੌਮੀ ਰਾਜਧਾਨੀ ਖੇਤਰ ਵਰਗੇ ਸੰਵੇਦਨਸ਼ੀਲ ਇਲਾਕਿਆਂ ਵਿਚਲੇ ਉਦਯੋਗ ਆਪਣੀਆਂ ਜ਼ਿੰਮੇਵਾਰੀਆਂ ਜਾਣਦੇ ਹੋਏ ਵੀ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਇਹ ਮਸਲਾ ਸਿੱਧੇ ਤੌਰ ’ਤੇ ਪ੍ਰਸ਼ਾਸਨਿਕ ਨਾਕਾਮੀ ਅਤੇ ਜਵਾਬਦੇਹੀ ਦੀ ਘਾਟ ਨਾਲ ਜੁੜਿਆ ਹੋਇਆ ਹੈ। ਹਾਲਾਂਕਿ, ਇਸ ਮਸਲੇ ਦਾ ਹੱਲ ਸਿਰਫ਼ ਕਾਗ਼ਜ਼ੀ ਨੋਟਿਸਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਛੋਟੇ ਉਦਯੋਗਾਂ ਨੂੰ ਪ੍ਰਦੂਸ਼ਣ ਰਹਿਤ ਤਕਨੀਕਾਂ ਨਾਲ ਲੈਸ ਕਰਨ ਲਈ ਤਕਨੀਕੀ ਅਤੇ ਮਾਲੀ ਮਦਦ ਦੀ ਲੋੜ ਹੋ ਸਕਦੀ ਹੈ ਪਰ ਨਿਯਮਾਂ ਨੂੰ ਲਾਗੂ ਕਰਨ ਲਈ ਸਮਾਂ ਸੀਮਾ ਅਤੇ ਮਾਪਦੰਡਾਂ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਕਾਨੂੰਨ ਦੀ ਉਲੰਘਣ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸ਼ੁੱਧ ਆਬੋ-ਹਵਾ ਉਦਯੋਗਿਕ ਵਿਕਾਸ ਦੇ ਰਾਹ ਵਿੱਚ ਕੋਈ ਅੜਿੱਕਾ ਨਹੀਂ ਹੈ, ਸਗੋਂ ਇਹ ਸਥਿਰ ਤੇ ਟਿਕਾਊ ਵਿਕਾਸ ਦੀ ਪਹਿਲੀ ਸ਼ਰਤ ਹੋਣੀ ਚਾਹੀਦੀ ਹੈ। ਲੋਕਾਂ ਦੀ ਸਿਹਤ ਨੂੰ ਦਾਅ ’ਤੇ ਲਾ ਕੇ ਹਰਿਆਣਾ ਕਦੇ ਵੀ ਆਰਥਿਕ ਪੱਖੋਂ ਖ਼ੁਸ਼ਹਾਲ ਨਹੀਂ ਹੋ ਸਕਦਾ। ਹਾਲਾਂਕਿ ਸੂਬੇ ਦੇ ਉਦਯੋਗਾਂ ਨੇ ਨਵੀਆਂ ਕਾਢਾਂ ਕੱਢਣ ਅਤੇ ਬਾਜ਼ਾਰ ਵਿੱਚ ਮੁਕਾਬਲਾ ਕਰਨ ਦੀ ਆਪਣੀ ਸਮਰੱਥਾ ਦਾ ਲੋਹਾ ਮੰਨਵਾਇਆ ਹੈ। ਖ਼ੈਰ, ਹੁਣ ਉਦਯੋਗਾਂ ਨੂੰ ਵੀ ਵਾਤਾਵਰਨ ਪ੍ਰਤੀ ਅਜਿਹੀ ਸੰਜੀਦਗੀ ਦਿਖਾਉਣੀ ਚਾਹੀਦੀ ਹੈ। ਆਰਥਿਕ ਖ਼ੁਸ਼ਹਾਲੀ ਅਤੇ ਲੋਕਾਂ ਦੀ ਸਿਹਤ, ਦੋਵੇਂ ਨਾਲ-ਨਾਲ ਚੱਲਣੇ ਚਾਹੀਦੇ ਹਨ।

-ਛੱਤਰਪਾਲ ਸਿੰਘ

# ਮੈਡੀਕਲ ਸਿੱਖਿਆ ’ਚ ਵੱਡੇ ਪੱਧਰ ’ਤੇ ਸੁਧਾਰ ਦੀ ਜ਼ਰੂਰਤ

**ਡਾ. ਸਤਿੰਦਰ ਸਿੰਘ**

ਮੰਮੀ-ਪਾਪਾ ਮੇਰੇ ਵਿੱਚ ਨੀਟ ਪ੍ਰੀਖਿਆ ਦੁਬਾਰਾ ਦੇਣ ਦੀ ਹਿੰਮਤ ਨਹੀਂ ਰਹੀ... ਇਹ ਲਿਖ ਕੇ ਮੱਧ ਪ੍ਰਦੇਸ਼ ਦੇ ਮਉਗੰਜ ਜ਼ਿਲ੍ਹੇ ਦੀ 20 ਸਾਲਾ ਪ੍ਰਤਿਭਾਸ਼ਾਲੀ ਵਿਦਿਆਰਥਣ ਅਕਾਂਕਸ਼ਾ ਉਰਫ਼ ਸਨੇਹਾ ਨੇ ਆਤਮਘਾਤੀ ਕਦਮ ਚੁੱਕ ਕੇ ਜੀਵਨ ਲੀਲਾ ਸਮਾਪਤ ਕਰ ਲਈ। ਇਹ ਇਸ ਬੱਚੀ ਦੇ ਲਿਖੇ ਸਿਰਫ਼ ਸ਼ਬਦ ਨਹੀਂ ਸਗੋਂ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਂਦੇ ਅਤੇ ਵਿਸ਼ਵ ਗੁਰੂ ਬਣਨ ਦੇ ਸੁਪਨੇ ਦੇਖਣ ਵਾਲੇ ਦੇਸ਼ ਦੀ ਸਿੱਖਿਆ ਪ੍ਰਣਾਲੀ ਦੇ ਮੱਥੇ ਉੱਪਰ ਬਹੁਤ ਵੱਡਾ ਦਾਗ਼ ਹੈ। ਇਸ ਤੋਂ ਪਹਿਲਾਂ ਵੀ ਕੁਝ ਵਿਦਿਆਰਥੀਆਂ ਨੇ ਤਣਾਅ ਹੇਠ ਅਜਿਹੇ ਭਿਆਨਕ ਕਦਮ ਚੁੱਕੇ ਹਨ।

ਕੀ ਅਜਿਹੀ ਬੇਹੱਦ ਮਹੱਤਵਪੂਰਨ ਪ੍ਰੀਖਿਆ ਵਿੱਚ ਧੋਖਾਧੜੀ ਕਰਨ ਦੇ ਕਸੂਰਵਾਰ ਪੈਸੇ ਦੇ ਲਾਲਚੀ ਲੋਕਾਂ ਨੂੰ ਇਨ੍ਹਾਂ ਬੱਚਿਆਂ ਦੀਆਂ ਕੀਮਤੀ ਜ਼ਿੰਦਗੀਆਂ ਖ਼ਤਮ ਕਰਨ ਦੇ ਦੋਸ਼ੀ ਮੰਨ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ? ਕੀ ਇਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਜਿਉਂਦੇ ਜੀਅ ਇਨਸਾਫ਼ ਮਿਲੇਗਾ ? ਕੀ ਸਾਡੇ ਦੇਸ਼ ਦੀਆਂ ਸਰਕਾਰਾਂ ਇਸ ਗ਼ਲਤੀ ਤੋਂ ਸਬਕ ਲੈ ਕੇ ਭਵਿੱਖ ਵਿੱਚ ਅਜਿਹੀ ਘਟਨਾ ਨਹੀਂ ਵਾਪਰੇਗੀ ਦੀ ਗਰੰਟੀ ਦੇਸ਼ ਦੇ ਨੌਜਵਾਨ ਵਰਗ ਨੂੰ ਦੇਣਗੀਆਂ। ਅਜਿਹੇ ਅਨੇਕਾਂ ਸਵਾਲਾਂ ਦੇ ਜਵਾਬ ਦੇਸ਼ ਦੇ ਲੱਖਾਂ ਨੌਜਵਾਨ ਉਡੀਕ ਰਹੇ ਹਨ।

ਨੀਟ ਦੀ 3 ਮਈ ਨੂੰ ਹੋਈ ਪ੍ਰੀਖਿਆ ਤੋਂ ਬਾਅਦ ਜਦੋਂ ਵਿਦਿਆਰਥੀ ਆਪਣੇ ਦੋ ਸਾਲ ਤੋਂ ਵੱਧ ਸਮੇਂ ਤਣਾਅਪੂਰਨ ਹਾਲਾਤ ਵਿੱਚ ਕੀਤੀ ਸਖ਼ਤ ਮਿਹਨਤ ਨੂੰ ਦੂਰ ਕਰਨ ਦੀ ਯੋਜਨਾ ਹੀ ਬਣਾ ਰਹੇ ਸਨ, ਤਾਂ 12 ਮਈ ਨੂੰ ਪੇਪਰ ਰੱਦ ਹੋਣ ਦੀ ਖ਼ਬਰ ਨੇ 22 ਲੱਖ ਪਰਿਵਾਰਾਂ ਨੂੰ ਬੇਹੱਦ ਤਣਾਅ ਵਿੱਚ ਲਿਆ ਦਿੱਤਾ। ਇਨ੍ਹਾਂ ਪਰਿਵਾਰਾਂ ਲਈ 21 ਜੂਨ ਨੂੰ ਹੋਣ ਵਾਲੀ ਦੁਬਾਰਾ ਨੀਟ ਪ੍ਰੀਖਿਆ ਤੱਕ ਦਾ ਸਮਾਂ ਕਿਵੇਂ ਗੁਜ਼ਰ ਰਿਹਾ ਹੈ, ਇਹ ਉਹੀ ਦੱਸ ਸਕਦੇ ਹਨ। ਉਨ੍ਹਾਂ ਦੇ ਮਨਾਂ ਵਿੱਚ ਪ੍ਰਸ਼ਨ ਹੈ ਕਿ ਕੀ ਇਹ ਪ੍ਰੀਖਿਆ ਨਿਰਪੱਖ, ਪਾਰਦਰਸ਼ੀ ਅਤੇ ਇਮਾਨਦਾਰੀ ਨਾਲ ਸੁਚੱਜੇ ਢੰਗ ਨਾਲ ਹੋਵੇਗੀ ਜਾਂ ਇਸ ਦਾ ਹਸ਼ਰ ਵੀ ਪਹਿਲਾਂ ਵਰਗੇ ਟੈਸਟ ਵਾਂਗ ਹੀ ਹੋਵੇਗਾ।

ਸਾਡੇ ਦੇਸ਼ ਵਿੱਚ ਡਾਕਟਰੀ ਦੇ ਕਿੱਤੇ ਨੂੰ ਪਵਿੱਤਰ ਅਤੇ ਸਤਿਕਾਰਤ ਪੇਸ਼ਾ ਮੰਨਿਆ ਜਾਂਦਾ ਹੈ। ਦੇਸ਼ ਦੇ ਰੌਸ਼ਨ ਦਿਮਾਗ਼ ਲੱਖਾਂ ਵਿਦਿਆਰਥੀ ਹਰ ਸਾਲ ਡਾਕਟਰ ਬਣਨ ਦਾ ਸੁਪਨਾ ਦੇਖਦੇ ਹਨ ?। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ, ਲਗਨ ਅਤੇ ਸਮਰਪਿਤ ਭਾਵਨਾ ਨਾਲ ਤਿਆਰੀ ਕਰਦੇ ਹਨ। ਆਪਣੀ ਜਵਾਨੀ ਸਮੇਂ ਦੀ ਮੌਜ ਮਸਤੀ, ਖੁਸ਼ੀਆਂ, ਸਰੀਰਕ ਖੇਡਾਂ, ਤਿਉਹਾਰ ਮਨਾਉਣ ਦੇ ਚਾਅ, ਰਿਸ਼ਤੇਦਾਰੀ ਅਤੇ ਪਰਿਵਾਰਕ ਸਮਾਗਮਾਂ ਦਾ ਤਿਆਗ ਕਰਦੇ ਹਨ । ਮਾਪਿਆਂ ਵੱਲੋਂ ਲੱਖਾਂ ਰੁਪਏ ਕੋਚਿੰਗ ਸੈਂਟਰਾਂ ਦੀ ਫੀਸ ਉੱਪਰ ਲਗਾਏ ਜਾਂਦੇ ਹਨ। ਇਹ ਮਹੱਤਵਪੂਰਨ ਪ੍ਰੀਖਿਆ ਪਰਿਵਾਰਾਂ ਦੀ ਆਰਥਿਕ, ਸਮਾਜਿਕ, ਮਾਨਸਿਕ ਅਤੇ ਸਰੀਰਕ ਸਥਿਤੀ ਨੂੰ ਬਦਲ ਕੇ ਰੱਖ ਦਿੰਦੀ ਹੈ। ਇੰਨੀ ਸਖ਼ਤ ਮਿਹਨਤ ਕਾਰਨ ਹੀ ਵਿਦਿਆਰਥੀ ਨੂੰ ਆਪਣੇ ਆਪ ’ਤੇ ਭਰੋਸਾ ਪੈਦਾ ਹੁੰਦਾ ਹੈ, ਪ੍ਰੰਤੂ ਜੇ ਪ੍ਰੀਖਿਆ ਵਿੱਚ ਧੋਖਾਧੜੀ, ਪ੍ਰਸ਼ਨ ਪੱਤਰ ਲੀਕ ਜਾਂ ਕੋਈ ਹੋਰ ਮੰਦਭਾਗੀ ਘਟਨਾ ਹੁੰਦੀ ਹੈ ਤਾਂ ਉਸ ਵਿਦਿਆਰਥੀ ਦਾ ਸਿਸਟਮ ਤੋਂ ਭਰੋਸਾ ਹੀ ਟੁੱਟ ਜਾਂਦਾ ਹੈ। ਉਸ ਨੂੰ ਇੰਝ ਜਾਪਦਾ ਹੈ ਕਿ ਮੇਰੀ ਮਿਹਨਤ ਅਤੇ ਯੋਗਤਾ ਨਾਲ ਬੇਇਨਸਾਫੀ ਹੋਈ ਹੈ।

ਭਾਰਤ ਵਿੱਚ ਮੈਡੀਕਲ ਸਿੱਖਿਆ ਨੂੰ ਸਭ ਤੋਂ ਜ਼ਿੰਮੇਵਾਰ ਖੇਤਰਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਹੋਏ ਘਟਨਾਕ੍ਰਮ ਨੇ ਸਿੱਧ ਕਰ ਦਿੱਤਾ ਹੈ ਕਿ ਦੇਸ਼ ਦੀ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ’ਤੇ ਸੁਧਾਰ ਕਰਨਾ ਸਮੇਂ ਦੀ ਵੱਡੀ ਜ਼ਰੂਰਤ ਹੈ। ਇਹ ਸੁਧਾਰ ਮੈਡੀਕਲ ਦੇ ਗ੍ਰੈਜੂਏਸ਼ਨ ਕੋਰਸਾਂ ਤੱਕ ਹੀ ਨਹੀਂ, ਸਗੋਂ ਪੋਸਟ ਗ੍ਰੈਜੂਏਸ਼ਨ ਤੱਕ ਵੀ ਕਰਨ ਦੀ ਜ਼ਰੂਰਤ ਹੈ। ਇਸ ਸਬੰਧੀ ਸਰਕਾਰਾਂ ਜਿੰਨੀ ਜਲਦੀ ਗੰਭੀਰਤਾ ਨਾਲ ਕਦਮ ਚੁੱਕਣਗੀਆਂ, ਓਨਾ ਹੀ ਦੇਸ਼ ਦੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਸੁਧਾਰ ਦੀ ਉਮੀਦ ਜਾਗੇਗੀ ਅਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਵਿੱਚ ਸਿਸਟਮ ਪ੍ਰਤੀ ਵਿਸ਼ਵਾਸ ਪੈਦਾ ਹੋਵੇਗਾ।

ਕੇਂਦਰੀ ਕੈਬਨਿਟ ਨੇ 10 ਨਵੰਬਰ 2017 ਨੂੰ ਨੈਸ਼ਨਲ ਟੈਸਟਿੰਗ ਏਜੰਸੀ ਬਣਾਉਣ ਦੀ ਮਨਜ਼ੂਰੀ ਦਿੱਤੀ। ਇਸ ਏਜੰਸੀ ਨੂੰ ਸੰਵਿਧਾਨਕ ਸੰਸਥਾ ਬਣਾਉਣ ਦੀ ਥਾਂ ਮਈ 2018 ਵਿੱਚ ਰਜਿਸਟਾਰ ਆਫ ਸੁਸਾਇਟੀਜ ਕੋਲ ਸੁਸਾਇਟੀ




ਐਕਟ 1860 ਅਧੀਨ ਰਜਿਸਟਰ ਕਰਵਾ ਦਿੱਤਾ ਗਿਆ। ਫਿਰ ਵੀ ਇਸ ਸੰਸਥਾ ਦੇ ਹੋਂਦ ਵਿੱਚ ਆਉਣ ਨਾਲ ਲੋਕਾਂ ਦੇ ਮਨਾਂ ਵਿੱਚ ਆਸ ਦੀ ਕਿਰਨ ਜਾਗੀ ਕਿ ਹੁਣ ਪ੍ਰੀਖਿਆਵਾਂ ਪਾਰਦਰਸ਼ੀ, ਨਿਰਪੱਖਤਾ, ਕੁਸ਼ਲ ਅਤੇ ਸੁਚੱਜੇ ਢੰਗ ਨਾਲ ਹੋਣਗੀਆਂ। ਇਸ ਤੋਂ ਪਹਿਲਾਂ ਮੈਡੀਕਲ ਕਾਲਜਾਂ ਲਈ ਸੀਬੀਐੱਸਈ ਵੱਲੋਂ ਏਆਈਪੀਐੱਮਟੀ ਅਤੇ ਸਟੇਟ ਪੀਐੱਮਟੀ ਆਦਿ ਵੱਖਰੇ ਵੱਖਰੇ ਟੈਸਟ ਹੁੰਦੇ ਸਨ। ਵਿਦਿਆਰਥੀਆਂ ਲਈ ਅਲੱਗ ਅਲੱਗ ਟੈਸਟ ਦੇਣਾ ਕੌਂਸਲਿੰਗ ਲਈ ਜਾਣਾ ਬੇਹੱਦ ਮੁਸ਼ਕਿਲ ਹੁੰਦਾ ਸੀ। ਇਸ ਲਈ 1986 ਦੀ ਰਾਸ਼ਟਰੀ ਸਿੱਖਿਆ ਨੀਤੀ ਨੇ ਵੀ ਕੇਂਦਰੀ ਦਾਖਲਾ ਪ੍ਰਕਿਰਿਆ ਦੀ ਸਿਫਾਰਿਸ਼ ਕੀਤੀ ਸੀ। 1992 ਵਿੱਚ ਉਸ ਸਮੇਂ ਸਰਕਾਰ ਨੇ ਵਿਚਾਰ ਲਈ ਕਮੇਟੀ ਵੀ ਗਠਿਤ ਕੀਤੀ ਸੀ। ਉਸ ਤੋਂ ਬਾਅਦ ਦੁਬਾਰਾ ਸਾਲ 2010 ਵਿੱਚ ਕੇਂਦਰੀ ਪ੍ਰੀਖਿਆ ਪ੍ਰਣਾਲੀ ਸਬੰਧੀ ਗਠਿਤ ਕਮੇਟੀ ਨੇ ਆਪਣੀ ਰਿਪੋਰਟ ਕੇਂਦਰ ਦੇ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਨੂੰ ਸੌਂਪੀ। ਸਾਲ 2012 ਵਿੱਚ ਇਸ ਸਬੰਧੀ ਕੇਸ ਸੁਪਰੀਮ ਕੋਰਟ ਵਿੱਚ ਚਲਾ ਗਿਆ।

ਸਾਲ 2016 ਵਿੱਚ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਕੇਂਦਰੀ ਦਾਖਲਾ ਪ੍ਰਕਿਰਿਆ ਅਰਥਾਤ ਨੀਟ ਪ੍ਰੀਖਿਆ ਕਰਾਉਣ ਦੀ ਦਿੱਤੀ ਇਜਾਜ਼ਤ ਨਾਲ ਆਮ ਲੋਕਾਂ ਨੇ ਉਮੀਦ ਕੀਤੀ ਸੀ ਕਿ ਹੁਣ ਐੱਨਟੀਏ ਵੱਲੋਂ ਮੈਡੀਕਲ ਦਾਖਲਾ ਪ੍ਰਕਿਰਿਆ ਵਿੱਚ ਇਕਸਾਰਤਾ ਅਤੇ ਸਮਾਨਤਾ ਲਿਆਂਦੀ ਜਾਵੇਗੀ, ਪ੍ਰੰਤੂ 2018 ਵਿੱਚ ਵੀ ਪ੍ਰੀਖਿਆ ਵਿਵਾਦਾਂ ਵਿੱਚ ਰਹੀ। ਸਾਲ 2024 ਦਾ ਨੀਟ ਪ੍ਰਸ਼ਨ ਪੱਤਰ ਲੀਕ ਅਤੇ ਗੜਬੜੀਆਂ ਕਾਰਨ ਐੱਨਟੀਏ ਦੀ ਕਾਰਜ ਪ੍ਰਣਾਲੀ ਸਵਾਲਾਂ ਦੇ ਘੇਰੇ ਵਿੱਚ ਆਈ ਅਤੇ ਕੁਝ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਵੀ ਦੁਬਾਰਾ ਲਈ ਗਈ। ਸਬਕ ਫਿਰ ਵੀ ਨਹੀਂ ਸਿੱਖਿਆ ਅਤੇ 2026 ਵਿੱਚ ਉਸ ਤੋਂ ਵੀ ਵੱਡੀ ਲਾਪਰਵਾਹੀ ਸਾਹਮਣੇ ਆਈ ਜਿਸ ਨੇ ਹੋਣਹਾਰ ਨੌਜਵਾਨਾਂ ਅਤੇ ਬੁੱਧੀਜੀਵੀ ਵਰਗ ਨੂੰ ਝੰਜੋੜ ਕੇ ਰੱਖ ਦਿੱਤਾ।

ਵਿਦਿਆਰਥੀ ਇਸ ਤਰ੍ਹਾਂ ਮਹਿਸੂਸ ਕਰ ਰਹੇ ਹਨ ਕਿ ਹੁਣ ਉਨ੍ਹਾਂ ਦੀ ਮਿਹਨਤ ਵੀ ਸੁਰੱਖਿਅਤ ਨਹੀਂ ਰਹੀ। ਦੇਸ਼ ਨੂੰ ਪਾਰਦਰਸ਼ੀ ਅਤੇ ਨਿਰਪੱਖਤਾ ਦਾ ਦਾਅਵਾ ਕਰਕੇ ਹੋਂਦ ਵਿੱਚ ਆਈ ਐੱਨਟੀਏ ਖੁਦ ਹੀ ਵਿਵਾਦਾਂ ਵਿੱਚ ਘਿਰ ਚੁੱਕੀ ਹੈ। ਪੇਪਰ ਲੀਕ, ਪੇਪਰ ਰੱਦ, ਤਕਨੀਕੀ ਖ਼ਰਾਬੀ ਅਤੇ ਅਨਿਸ਼ਚਤਤਾ ਕਾਰਨ ਦੇਸ਼ ਵਾਸੀਆਂ ਦਾ ਵਿਸ਼ਵਾਸ ਟੁੱਟ ਚੁੱਕਿਆ ਹੈ। ਸਾਡੇ ਦੇਸ਼ ਵਿੱਚ ਮੈਡੀਕਲ ਕਾਲਜਾਂ ਵਿੱਚ ਦਾਖਲੇ ਦੀ ਇੱਕ ਮਾਤਰ ਯੋਗਤਾ ਨੀਟ ਸਕੋਰ ਹੈ। ਇਸ ਲਈ ਇਸ ਦਾ ਮਿਆਰ ਕਾਇਮ ਕਰਨਾ ਬੇਹੱਦ ਜ਼ਰੂਰੀ ਹੈ। ਸਾਲ 2024 ਵਿੱਚ ਹੋਈ ਗੜਬੜੀ ਤੋਂ ਬਾਅਦ ਜੋ ਸ੍ਰੀ ਕੇ ਰਾਧਾ ਕ੍ਰਿਸ਼ਨਨ ਕਮੇਟੀ ਦਾ ਗਠਨ ਕੀਤਾ ਗਿਆ, ਉਨ੍ਹਾਂ ਨੇ ਵੀ ਪ੍ਰੀਖਿਆ ਵਿੱਚ ਬੁਨਿਆਦੀ ਤਬਦੀਲੀਆਂ ’ਤੇ ਜ਼ੋਰ ਦਿੱਤਾ ਸੀ।

ਮੈਡੀਕਲ ਸਿੱਖਿਆ ਦੀ ਸਭ ਤੋਂ ਵੱਡੀ ਸਮੱਸਿਆ ਕੋਚਿੰਗ ਸੈਂਟਰਾਂ ਦੀ ਕਾਰਜ ਪ੍ਰਣਾਲੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਹਰ ਧੋਖਾਧੜੀ ਜਾਂ ਸਕੈਂਡਲ ਤੋਂ ਬਾਅਦ ਕਿਸੇ ਨਾ ਕਿਸੇ ਕੋਚਿੰਗ ਸੈਂਟਰ ਦੀ ਭੂਮਿਕਾ ਸਾਹਮਣੇ ਆ ਜਾਂਦੀ ਹੈ। ਕੋਚਿੰਗ ਸੈਂਟਰ ਨੇ ਆਪਣੇ ਵਪਾਰ ਅਤੇ ਮਸ਼ਹੂਰੀ ਲਈ ਵਿਦਿਆਰਥੀਆਂ ਨੂੰ ਇਸ਼ਤਿਹਾਰ ਦੀ ਸਮੱਗਰੀ ਬਣਾ ਦਿੱਤਾ ਹੈ। ਹੁਣ ਤਾਂ ਇਹ ਕੋਚਿੰਗ ਅੱਠਵੀਂ ਜਮਾਤ ਤੋਂ ਬਾਅਦ ਹੀ ਸ਼ੁਰੂ ਕਰਨ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸਕੂਲ ਸਿਸਟਮ ਨੂੰ ਤਬਾਹ ਕਰਨ ਦਾ ਰਸਤਾ ਅਪਣਾਇਆ ਜਾ ਰਿਹਾ ਹੈ। ਡਮੀ ਦਾਖਲਿਆਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਬੱਚਿਆਂ ਨੂੰ ਪ੍ਰੈਕਟੀਕਲ ਸਿੱਖਿਆ ਤੋਂ ਪੂਰੀ ਤਰ੍ਹਾਂ ਤੋੜ ਦਿੱਤਾ ਗਿਆ ਹੈ। ਸ਼ਾਇਦ ਹੀ ਕਿਸੇ ਸਕੂਲ ਵਿੱਚ ਨੀਟ ਦੀ ਤਿਆਰੀ ਕਰਦੇ ਵਿਦਿਆਰਥੀ ਸਾਇੰਸ ਲੈਬ ਵਿੱਚ ਜਾਂਦੇ ਹੋਣ। ਸਿਰਫ਼ ਓਬਜੈਕਟਿਵ ਟਾਈਪ ਪ੍ਰਸ਼ਨਾਂ ਨੂੰ ਆਧਾਰ ਮੰਨ ਕੇ ਰੱਟੇਬਾਜ਼ੀ ਦੀ ਪੜ੍ਹਾਈ ’ਤੇ ਜ਼ੋਰ ਦਿੱਤਾ ਜਾਂਦਾ ਹੈ।

ਨੈਤਿਕ ਗੁਣ, ਵਿਵਹਾਰ, ਸੰਚਾਰ ਹੁਨਰ, ਤਰਕ ਸੰਗਤ ਵਿਸ਼ਲੇਸ਼ਣ ਅਤੇ ਸਮਾਜਿਕ ਵਿਕਾਸ ਦੀ ਥਾਂ ਸਿਰਫ਼ ਤਣਾਅ ਅਤੇ ਕੋਚਿੰਗ ਸੈਂਟਰਾਂ ਦੇ ਟੈਸਟਾਂ ਦੇ ਵੱਧ ਅੰਕ ਅਤੇ ਚੰਗਾ ਰੈਂਕ ਹੀ ਵਿਦਿਆਰਥੀਆਂ ਦਾ ਮੁੱਖ ਟੀਚਾ ਬਣ ਜਾਂਦਾ ਹੈ। ਵਿਦਿਆਰਥੀਆਂ ’ਚ ਵਧਦੇ ਤਣਾਅ ਅਤੇ ਸਾਹਮਣੇ ਆ ਰਹੀਆਂ ਗੜਬੜੀਆਂ ਕਾਰਨ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਅਤੇ ਮਿਆਰੀ ਸਿਹਤ ਸੇਵਾਵਾਂ ਲਈ ਐੱਨਟੀਏ ਦੀ ਕਾਰਜ ਪ੍ਰਣਾਲੀ ਅਤੇ ਦਾਖਲਾ ਪ੍ਰਕਿਰਿਆ ਤੇ ਪੁਨਰ ਵਿਚਾਰ ਕਰਕੇ ਵੱਡੇ ਪੱਧਰ ’ਤੇ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ।

ਨੀਟ ਪ੍ਰੀਖਿਆ ਅਤੇ ਸਮੁੱਚੀ ਮੈਡੀਕਲ ਸਿੱਖਿਆ ਵਿੱਚ ਵਧਦਾ ਵਪਾਰੀਕਰਨ ਅਨੇਕਾਂ ਸਮੱਸਿਆਵਾਂ ਦੀ ਜੜ ਹੈ। ਮੈਡੀਕਲ ਸਿੱਖਿਆ ਦੀ ਕੋਚਿੰਗ ਅਰਬਾਂ ਰੁਪਏ ਦਾ ਵਪਾਰ ਬਣ ਚੁੱਕਿਆ ਹੈ। ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਫੀਸ 75 ਲੱਖ ਤੋਂ 1.25 ਕਰੋੜ ਤੱਕ ਪਹੁੰਚ ਚੁੱਕੀ ਹੈ। ਅਜਿਹੇ ਹਾਲਾਤ ਵਿੱਚ ਮੋਟੀ ਰਕਮ ਦਾ ਲਾਲਚ ਕਿਸੇ ਨੂੰ ਵੀ ਆਪਣੇ ਨਾਲ ਜੋੜਨ ਦੀ ਸਮਰੱਥਾ ਰੱਖਦਾ ਹੈ।

ਦੇਸ਼ ਦੇ 824 ਮੈਡੀਕਲ ਕਾਲਜਾਂ ਵਿੱਚ 129603 ਐੱਮਬੀਬੀਐੱਸ ਦੀਆਂ ਸੀਟਾਂ ਲਈ 22 ਲੱਖ ਵਿਦਿਆਰਥੀ ਨੀਟ ਪ੍ਰੀਖਿਆ ਵਿੱਚ ਬੈਠਦੇ ਹਨ। ਇੰਨਾ ਸਖ਼ਤ ਮੁਕਾਬਲਾ ਹੋਣ ਕਾਰਨ ਵਿਦਿਆਰਥੀ ਅਤੇ ਮਾਪੇ ਸਭ ਕੁਝ ਦਾਅ ’ਤੇ ਲਗਾ ਦਿੰਦੇ ਹਨ। 62 ਹਜ਼ਾਰ ਦੇ ਕਰੀਬ ਸਰਕਾਰੀ ਕਾਲਜਾਂ ਵਿੱਚ ਸੀਟਾਂ ਲਈ ਫੀਸ ਘੱਟ ਹੋਣ ਕਾਰਨ ਮੁਕਾਬਲਾ ਕਿਤੇ ਵੱਧ ਜਾਂਦਾ ਹੈ। ਨੀਟ ਦੇ ਕੁੱਲ 720 ਅੰਕਾਂ ਵਿੱਚੋਂ ਘੱਟੋ ਘੱਟ 600 ਅੰਕ ਪ੍ਰਾਪਤ ਕਰਨ ਵਾਲੇ ਦੀ ਹੀ ਸਰਕਾਰੀ ਸੀਟ ਸੰਭਵ ਹੈ। ਜਦਕਿ ਬਾਕੀ 65 ਤੋਂ 70 ਹਜ਼ਾਰ ਸੀਟਾਂ ਲਈ ਪ੍ਰਾਈਵੇਟ ਕਾਲਜਾਂ ਅਤੇ ਡੀਮਡ ਯੂਨੀਵਰਸਿਟੀਆਂ ਭਾਰੀ ਫੀਸਾਂ ਅਤੇ ਫੰਡ ਵਸੂਲਦੀਆਂ ਹਨ।

ਪਿਛਲੇ 10-12 ਸਾਲ ਵਿੱਚ ਚਾਹੇ ਦੇਸ਼ ਵਿੱਚ 350 ਤੋਂ ਵੱਧ ਨਵੇਂ ਮੈਡੀਕਲ ਕਾਲਜ ਬਣੇ ਹਨ, ਇਨ੍ਹਾਂ ਵਿੱਚੋਂ ਬਹੁ ਗਿਣਤੀ ਨਿੱਜੀ ਖੇਤਰ ਦੇ ਕਾਲਜ ਹਨ। ਇਸੇ ਸਮੇਂ ਦੌਰਾਨ ਹੀ 60 ਹਜ਼ਾਰ ਤੋਂ ਵੱਧ ਐੱਮਬੀਬੀਐੱਸ ਦੀਆਂ ਸੀਟਾਂ ਵਿੱਚ ਵਾਧਾ ਹੋਇਆ ਹੈ। ਇਹ ਵਿਕਾਸ ਗਿਣਾਤਮਕ ਪੱਖ ਤੋਂ ਜ਼ਰੂਰ ਨਜ਼ਰ ਆਉਂਦਾ ਹੈ, ਪ੍ਰੰਤੂ ਜ਼ਰੂਰਤ ਮੈਡੀਕਲ ਸਿੱਖਿਆ ਦੇ ਗੁਣਾਤਮਕ ਪੱਖ ਤੋਂ ਵਿਕਾਸ ਕਰਨ ਦੀ ਹੈ।

ਮੈਡੀਕਲ ਸਿੱਖਿਆ ਦੇ ਪੋਸਟ ਗ੍ਰੈਜੂਏਸ਼ਨ ਅਰਥਾਤ ਐੱਮਡੀ ਅਤੇ ਐੱਮਐੱਸ ਪੱਖੋਂ ਵੀ ਸਥਿਤੀ ਸੰਤੋਸ਼ਜਨਕ ਨਹੀਂ ਹੈ। ਦੇਸ਼ ਦੇ ਕੁੱਲ ਕਾਲਜਾਂ ਵਿੱਚ ਐੱਮਡੀ ਅਤੇ ਐੱਮਐੱਸ ਦੀਆਂ 58 ਹਜ਼ਾਰ ਦੇ ਕਰੀਬ ਸੀਟਾਂ ਉਪਲੱਬਧ ਹਨ। ਜਿਨ੍ਹਾਂ ਵਿੱਚੋਂ 28 ਹਜ਼ਾਰ ਤੋਂ ਵੱਧ ਨਿੱਜੀ ਕਾਲਜਾਂ ਦੀਆਂ ਹਨ। ਨਿੱਜੀ ਮੈਡੀਕਲ ਕਾਲਜਾਂ ਅਤੇ ਡੀਮਡ ਯੂਨੀਵਰਸਿਟੀਆਂ ਦੀਆਂ ਫੀਸਾਂ 1.25 ਕਰੋੜ ਤੋਂ 02 ਕਰੋੜ ਤੱਕ ਪਹੁੰਚ ਚੁੱਕੀਆਂ ਹਨ। ਇੰਨੀਆਂ ਭਾਰੀ ਫੀਸਾਂ ਯੋਗਤਾ ’ਤੇ ਭਾਰੂ ਪੈ ਰਹੀਆਂ ਹਨ। ਘੱਟ ਯੋਗਤਾ ਵਾਲੇ ਮਨਪਸੰਦ ਬਰਾਂਚ ਵਿੱਚ ਸੀਟਾਂ ਲੈ ਜਾਂਦੇ ਹਨ, ਜਿਸ ਦਾ ਅਸਰ ਦੇਸ਼ ਦੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ ਉੱਪਰ ਪੈਣਾ ਯਕੀਨੀ ਹੈ। ਸੀਟਾਂ ਘੱਟ ਹੋਣ ਕਾਰਨ ਸਥਿਤੀ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ। ਮੈਡੀਕਲ ਕਾਲਜਾਂ ਵਿੱਚ ਦਾਖਲਾ ਸਿਰਫ਼ ਨੀਟ ਪੀਜੀ ਦੇ ਅੰਕਾਂ ’ਤੇ ਆਧਾਰਿਤ ਹੋਣ ਕਾਰਨ ਕਲੀਨੀਕਲ ਯੋਗਤਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਜਿਸ ਨਾਲ ਨੀਟ ਯੂਜੀ ਦੀ ਤਰ੍ਹਾਂ ਇਸ ਵਿੱਚ ਵੀ ਕੋਚਿੰਗ ਸੈਂਟਰਾਂ ਦਾ ਪ੍ਰਚਲਨ ਤੇਜ਼ੀ ਨਾਲ ਵਧ ਰਿਹਾ ਹੈ।

ਸਮੁੱਚੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਜ਼ਰੂਰਤ ਮਹਿਸੂਸ ਹੁੰਦੀ ਹੈ ਕਿ ਮਿਆਰੀ ਸਿਹਤ ਸੇਵਾਵਾਂ ਲਈ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ’ਤੇ ਸੁਧਾਰਵਾਦੀ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ।

# ਕੌਮਾਂਤਰੀ ਯੋਗ ਦਿਵਸ ਮੌਕੇ ਅਮਨ ਅਰੋੜਾ ਵੱਲੋਂ ਯੋਗ ਨੂੰ ਜੀਵਨ ਦਾ ਅਨਿੱਖੜਵਾਂ ਹਿੱਸਾ ਬਣਾਉਣ ਦਾ ਸੱਦਾ

ਸੁਨਾਮ, 22 ਜੂਨ
-ਸ਼.ਅ.ਬਿਓਰੋ-

ਕੌਮਾਂਤਰੀ ਯੋਗ ਦਿਵਸ ਦੇ ਮੌਕੇ ਅੱਜ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ ਵਿਖੇ ਵਿਸ਼ੇਸ਼ ਯੋਗ ਸਮਾਗਮ ਮਨਪ੍ਰੀਤ ਬਾਂਸਲ ਦੀ ਦੇਖਰੇਖ ਵਿੱਚ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸ਼ਹਿਰ ਵਾਸੀਆਂ ਨੇ ਭਾਗ ਲੈ ਕੇ ਯੋਗ ਪ੍ਰਤੀ ਆਪਣੀ ਰੁਚੀ ਅਤੇ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ।




ਸਮਾਗਮ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਯੋਗ ਅਭਿਆਸ ਵਿੱਚ ਭਾਗ ਲੈਂਦਿਆਂ ਹਾਜ਼ਰੀਨਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਯੋਗ ਸਾਡੇ ਸਰੀਰ, ਮਨ ਅਤੇ ਆਤਮਾ ਨੂੰ ਤੰਦਰੁਸਤ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੈ। ਅੱਜ ਦੇ ਤਣਾਅ ਭਰੇ ਜੀਵਨ ਵਿੱਚ ਯੋਗ ਮਨੁੱਖ ਨੂੰ ਨਾ ਸਿਰਫ਼ ਬਿਮਾਰੀਆਂ ਤੋਂ ਬਚਾਉਂਦਾ ਹੈ, ਸਗੋਂ ਉਸਦੀ ਸੋਚ ਅਤੇ ਜੀਵਨ ਸ਼ੈਲੀ ਨੂੰ ਵੀ ਸੰਤੁਲਿਤ ਕਰਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਯੋਗ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਾਉਣਾ ਚਾਹੀਦਾ ਹੈ ਤਾਂ ਜੋ ਅਸੀਂ ਤੰਦਰੁਸਤ ਅਤੇ ਖੁਸ਼ਹਾਲ ਜੀਵਨ ਬਤੀਤ ਕਰ ਸਕੀਏ। ਉਨ੍ਹਾਂ ਖਾਸ ਤੌਰ ‘ਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੀ ਆਪਣੇ ਨਾਲ ਯੋਗ ਅਤੇ ਹੋਰ ਖੇਡ ਗਤੀਵਿਧੀਆਂ ਲਈ ਖੇਡ ਮੈਦਾਨਾਂ ਵਿੱਚ ਲੈ ਕੇ ਜਾਣ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨ ਪੀੜ੍ਹੀ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਦੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਖੇਡਾਂ ਅਤੇ ਯੋਗ ਨੂੰ ਪ੍ਰਫੁੱਲਤ ਕਰਨ ਲਈ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਨੌਜਵਾਨ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਾ ਸਕਣ।

ਇਸ ਮੌਕੇ ਪ੍ਰਬੰਧਕਾਂ ਵੱਲੋਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਪ੍ਰਬੰਧਕਾਂ ਨੇ ਉਨ੍ਹਾਂ ਦੀ ਲੋਕ ਭਲਾਈ ਅਤੇ ਸਮਾਜਿਕ ਵਿਕਾਸ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਿਆਂ ਯਾਦਗਾਰੀ ਚਿੰਨ੍ਹ ਭੇਟ ਕੀਤਾ। ਸਮਾਗਮ ਦੌਰਾਨ ਯੋਗ ਮਾਹਿਰਾਂ ਵੱਲੋਂ ਵੱਖ-ਵੱਖ ਯੋਗ ਆਸਨ ਕਰਵਾ ਕੇ ਹਾਜ਼ਰੀਨ ਨੂੰ ਯੋਗ ਦੇ ਲਾਭਾਂ ਅਤੇ ਇਸ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ ਗਈ। ਇਸ ਮੌਕੇ ਪ੍ਰੋ. ਦਰਸ਼ਨ ਕੁਮਾਰ, ਡਾ. ਮਨੀਤਾ ਜੋਸ਼ੀ, ਪ੍ਰੋ. ਚਮਕੌਰ ਸਿੰਘ. ਪ੍ਰੋ. ਕਾਲਾ ਸਿੰਘ, ਪ੍ਰੋ. ਦਲਜੀਤ ਸਿੰਘ, ਡਾ. ਮਨਪ੍ਰੀਤ ਕੌਰ ਹਾਂਡਾ, ਮਨਪ੍ਰੀਤ ਬਾਂਸਲ (ਐਮ ਸੀ), ਯਾਦਵਿੰਦਰ ਨਿਰਮਾਣ (ਐਮ ਸੀ), ਗੁਰਲਾਭ ਸਿੰਘ ਭੰਗੂ ( ਐਮ ਸੀ), ਸਾਹਿਬ ਸਿੰਘ (ਐਮ ਸੀ), ਸ਼੍ਰੀ ਤਨੁਜ, ਸ਼੍ਰੀ ਅਸ਼ੋਕ (ਗਾਂਧੀ), ਸ਼੍ਰੀ ਮੱਖਣ, ਸ਼੍ਰੀ ਸਤਗੁਰ, ਗੁਰਲਾਭ ਸਿੰਘ, ਸੰਜੇ ਮਦਾਨ, ਕੌਸ਼ਿਕ ਗਰਗ, ਸ਼੍ਰੀ ਬਿੱਟੂ, ਆਸ਼ੀਸ਼ ਲਾਡੀ ਧੀਰਜ ਮਾਸਟਰ, ਕੇਵਲ ਸਿੰਘ (ਐੱਸ ਡੀ ਓ), ਸ਼੍ਰੀ ਆਸ਼ੂ, ਸ਼੍ਰੀ ਸੰਜੀਵ, ਸ਼੍ਰੀ ਜੈਨ, ਸ਼੍ਰੀ ਮੋਦਗਿਲ, ਦੀਪਕ ਗੋਇਲ, ਸਮੇਤ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸ਼ਹਿਰ ਵਿੱਚ ਪੈ ਰਹੇ ਸਿਵਰੇਜ ਦਾ ਲਿਆ ਜਾਇਜ਼ਾ

ਨਾਭਾ, 22 ਜੂਨ
-ਹਰਸ਼ਪ੍ਰੀਤ ਕੌਰ-

ਵਿਧਾਨ ਸਭਾ ਹਲਕਾ ਨਾਭਾ ਦੇ ਨੌਜਵਾਨ ਆਗੂ ਅਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਅਲੌਹਰਾਂ ਗੇਟ ਵਿਖੇ ਪੈ ਰਹੇ ਸਿਵਰੇਜ ਦਾ ਜਾਇਜ਼ਾ ਲਿਆ ਅਤੇ ਮੌਕੇ ਤੇ ਵਿਭਾਗ ਦੇ ਐਸ.ਡੀ.ਓ ਸਮੇਤ ਹੋਰ ਅਧਿਕਾਰੀਆਂ ਨੂੰ ਬੁਲਾਕੇ ਸਿਵਰੇਜ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਕਰਨ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਪਾਣੀ ਦੀ ਸਮਰੱਥਾ ਅਨੁਸਾਰ ਸਿਵਰੇਜ ਦੀਆਂ ਪਾਈਪਾਂ ਵੱਡੀਆਂ ਪਾਈਆਂ ਜਾਣ ਤਾਂ ਜੋ ਲੋਕਾਂ ਨੂੰ ਕੋਈ ਸਮੱਸਿਆ ਨਾ ਆਵੇ।

ਇਸ ਮੌਕੇ ਇਕੱਤਰ ਦੁਕਾਨਦਾਰਾਂ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਆਪਣੀਆਂ ਸਮੱਸਿਆਂਵਾਂ ਦੱਸਦਿਆਂ ਕਿਹਾ ਕਿ ਜੇਕਰ ਅਲੌਹਰਾਂ ਗੇਟ ਸਾਈਡ ਸਿਵਰੇਜ ਪੈਂਦਾ ਹੈ ਤਾਂ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੁੱਟੀ ਗਈ ਸੜਕ ਨੂੰ ਤੁਰੰਤ ਬਣਾਇਆ ਜਾਵੇ। ਚੈਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੁਕਾਨਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਂਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਉੱਦਮਦੀਪ ਸਿੰਘ, ਸਾਬਕਾ ਕੌਂਸਲਰ ਰੋਜ਼ੀ ਨਾਗਪਾਲ ਦੇ ਪਤੀ ਦੀਪਕ ਨਾਗਪਾਲ ਸ਼ਹਿਰੀ ਬਲਾਕ ਪ੍ਰਧਾਨ, ਸਚਿਨ ਕੁਮਾਰ, ਹਰਵਿੰਦਰ ਸਿੰਘ ਹੈਰੀ, ਯੂਥ ਆਗੂ ਲਾਲੀ ਫਤਿਹਪੁਰ ਤੇ ਗੋਪੀ ਫੈਜਗੜ੍ਹ ਆਦਿ ਵੀ ਮੌਜੂਦ ਸਨ।




Shaheedeazamnews.com

ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9814632807



Shaheed-e-Azam Printed, published and owned by Harjinder Chaudhary printed at Raftaar Printing Press, Factory Area, Patiala and published at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ ’ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807







# ਨਾਰੀ-ਚੇਤਨਾ: ਇੱਕੀਵੀਂ ਸਦੀ ਦੀ ਗਲੋਬਲੀ ਕਹਾਣੀ ਦੇ ਸੰਦਰਭ ਵਿੱਚ


(ਡਾ. ਸੁਖਵਿੰਦਰ ਸਿੰਘ ਪਰਮਾਰ)

ਗਲਪੀ ਰੂਪ 'ਕਹਾਣੀ' ਨੇ ਸਮੁੱਚੇ ਗਲੋਬਲੀ ਮਹਾਂਦ੍ਰਿਸ਼ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਦੁਨੀਆਂ ਦੀ ਹਰ ਭਾਸ਼ਾ ਵਿੱਚ 'ਕਹਾਣੀ ਦਾ ਮੁਕਾਮ' ਲਗਭਗ ਬਰਾਬਰ ਹੀ ਹੈ। ਭਾਵੇਂ ਪੰਜਾਬੀ ਜ਼ੁਬਾਨ ਦੀ ਕਹਾਣੀ ਨੇ ਅਜੇ ਇੱਕ ਸਦੀ ਦੀ ਜ਼ਿੰਦਗੀ ਜੀਵੀ ਹੈ, ਪਰ ਅਨੇਕਾਂ ਪੜਾਅ ਸਰ ਕੀਤੇ ਹਨ। ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਆਪਣਾ ਸਫ਼ਰ ਆਰੰਭਣ ਵਾਲੀ ਪੰਜਾਬੀ ਕਹਾਣੀ ਪੰਜਾਬੀ ਸਾਹਿਤ ਵਿੱਚ ਸਭ ਤੋਂ ਵੱਧ ਪੜ੍ਹੇ/ਵਿਚਾਰੇ ਜਾਣ ਵਾਲੇ ਸਾਹਿਤਕ ਰੂਪਕਾਰ ਵਜੋਂ ਆਪਣੀ ਵਿਲੱਖਣ ਪਛਾਣ ਸਥਾਪਤ ਕਰਨ ਦੇ ਨਾਲ ਨਾਲ ਵਿਸ਼ਵ-ਪੱਧਰ ਦੀਆਂ ਵੱਖ ਭਾਸ਼ਾਵਾਂ ਵਿੱਚ ਲਿਖੀਆਂ ਜਾ ਰਹੀਆਂ ਕਹਾਣੀਆਂ ਨਾਲ ਬਰ ਮੇਚ ਰਹੀ ਹੈ। ਇਸ ਮੁਕਾਮ ਪ੍ਰਾਪਤੀ ਦੌਰਾਨ ਪੰਜਾਬੀ ਕਹਾਣੀ ਵਿਧਾ ਦੇ ਪੱਖੋਂ ਪ੍ਰਮੁੱਖ ਰੂਪ ਨਿੱਕੀ ਤੇ ਲੰਮੀ ਕਹਾਣੀ ਅਖ਼ਤਿਆਰ ਤਿਆਰ ਕਰਦੀ ਹੈ। ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਜੇ ਗਲੋਬਲੀ ਦ੍ਰਿਸ਼ ਨੂੰ ਵਾਚੀਏ ਤਾਂ ਹੱਦਾਂ ਸਰਹੱਦਾਂ ਦੇ ਸਾਏ ਹੇਠ ਪੰਜਾਬੀ ਕਹਾਣੀ ਦੇ ਤਿੰਨ ਪ੍ਰਮੁੱਖ ਕਾਰਜ-ਖੇਤਰ ਉਭਰਕੇ ਸਾਹਮਣੇ ਆਉਂਦੇ ਹਨ-ਭਾਰਤੀ ਪੰਜਾਬੀ ਕਹਾਣੀ, ਪਰਵਾਸੀ ਪੰਜਾਬੀ ਕਹਾਣੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀ। ਅੱਗੋਂ ਇਨ੍ਹਾਂ ਦੇ ਵੀ ਉਪ-ਖੇਤਰ ਹੋ ਸਕਦੇ ਹਨ। ਇਸ ਗੱਲ ਦੀ ਪੁਸ਼ਟੀ ਡਾ. ਬਲਦੇਵ ਸਿੰਘ ਧਾਲੀਵਾਲ ਦੇ ਇਹ ਸ਼ਬਦ ਕਰਦੇ ਹਨ, "ਅਜੋਕੀ ਪੰਜਾਬੀ ਕਹਾਣੀ ਦੇ ਸਮੁੱਚੇ ਮਹਾਂ ਦ੍ਰਿਸ਼ ਉੱਤੇ ਝਾਤ ਪਾਈਏ ਤਾਂ ਅੰਤਰ-ਰਾਸ਼ਟਰੀ ਪਰਿਪੇਖ ਵਿੱਚ ਵਿਚਰ ਰਹੀ ਇਸ ਕਹਾਣੀ ਦੇ ਤਿੰਨ ਪ੍ਰਮੁੱਖ ਅੰਗ ਨਜ਼ਰ ਆਉਂਦੇ ਹਨ, ਜਿਵੇਂ ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ। ਨਿਰਸੰਦੇਹ ਇਨ੍ਹਾਂ ਦੇ ਅੱਗੋਂ ਕੁੱਝ ਮੰਨਣਯੋਗ ਉਪ-ਅੰਗ ਵੀ ਧਿਆਨ ਖਿੱਚਦੇ ਹਨ।"(1)(ਡਾ. ਬਲਦੇਵ ਸਿੰਘ ਧਾਲੀਵਾਲ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦਿਸ਼ਾ ਅਤੇ ਦ੍ਰਿਸ਼ਟੀ, ਸੰਵਾਦ-01, ਪੰਨਾ-87) ਨਿਰਸੰਦੇਹ ਪੰਜਾਬੀ ਕਹਾਣੀ ਅੰਤਰ-ਰਾਸ਼ਟਰੀ ਗਲੋਬਲੀ ਪਰਿਪੇਖ ਵਾਲੀ ਹੈ ਕਿਉਂਕਿ ਇਸ ਵਿੱਚ ਭਾਰਤੀ ਪੰਜਾਬ ਦੇ ਨਾਲ ਨਾਲ ਪਰਵਾਸੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਦਾ ਵੀ ਬਰਾਬਰ ਦਾ ਯੋਗਦਾਨ ਹੈ।

ਆਮ ਸ਼ਬਦਾਂ ਵਿੱਚ 'ਨਾਰੀ-ਚੇਤਨਾ' ਤੋਂ ਮਤਲਬ ਔਰਤਾਂ ਦਾ ਆਪਣੇ ਹੱਕਾਂ ਪ੍ਰਤੀ ਚੇਤੰਨ ਹੋਣਾ ਹੈ। ਗਲੋਬਲੀ ਪੱਧਰ ਤੇ ਉਨੀਵੀਂ ਸਦੀ ਦੇ ਆਰੰਭ ਵਿੱਚ ਹੋਂਦ 'ਚ ਆਏ ਇਸ ਸੰਕਲਪ (ਜੋ ਕਿ ਅੰਗਰੇਜ਼ੀ ਦੇ -ਕਠਜਅਜਤਠ ਦੇ ਸਮਾਂਨਤਰ ਵਰਤਿਆ ਜਾਂਦਾ ਹੈ ਤੇ ਫਰੈਂਚ ਤੋਂ ਅੰਗਰੇਜ਼ੀ ਵਿੱਚ ਆਇਆ ਹੈ) ਤੋਂ ਭਾਵ ਆਮ ਕਰਕੇ 'ਚੇਤੰਨ ਨਾਰੀ ਦੀ ਚੇਤਨਾ' ਤੋਂ ਹੀ ਲਿਆ ਜਾਂਦਾ ਹੈ। ਨਾਰੀ ਚੇਤਨਾ ਨੂੰ ਮਨੁੱਖੀ ਚੇਤਨਾ ਦੇ ਘੇਰੇ ਵਿੱਚ, ਮਰਦ-ਚੇਤਨਾ ਦੇ ਵਿਰੋਧ ਵਿੱਚ ਨਹੀਂ, ਸਗੋਂ ਵੱਖਰਤਾ ਵਿੱਚ ਵਧੇਰੇ ਸਮਝਿਆ-ਸਮਝਾਇਆ ਜਾ ਸਕਦਾ ਹੈ। ਨਾਰੀ ਚੇਤਨਾ ਦੀ ਆਧੁਨਿਕ ਸੰਕਲਪਨਾ ਵਿੱਚ ਤਿੰਨ ਪ੍ਰਮੁੱਖ ਤੱਤ-ਦੋਹਾਂ ਲਿੰਗਾਂ ਵਿੱਚ ਬਾਬਰਤਾ ਜੋ ਕਿ ਪੁਰਾਣੀ ਦਰਜਾਬੰਦੀ ਦੇ ਵਿਰੋਧ ਵਿੱਚ ਖੜ੍ਹਦੀ ਹੈ, ਦੂਜੇ ਤੱਤ ਅਨੁਸਾਰ ਔਰਤ ਨੂੰ ਸਮਾਜਿਕ-ਜੀਵ ਮੰਨਦਿਆਂ ਰੱਬੀ ਰਹਿਮੋ ਕਰਮ ਤੋਂ ਅਲੱਗ ਮੰਨਣਾ ਹੈ, ਤੀਜੇ ਤੱਤ ਅਨੁਸਾਰ ਔਰਤ ਸਮਾਜਿਕ ਸੱਭਿਆਚਾਰਕ ਸਮੂਹ ਦਾ ਮਹੱਤਵਪੂਰਨ ਅੰਗ ਹੈ, ਨੂੰ ਸਵੀਕਾਰਨਾ ਹੈ। ਹੌਲੀ ਹੌਲੀ 'ਨਾਰੀ ਚੇਤਨਾ' ਸ਼ਬਦ ਆਪਣੇ ਅਰਥਾਂ ਵਿੱਚ ਵਿਸਥਾਰ ਕਰਦਾ ਹੋਇਆ ਪੱਛਮੀ ਅਤੇ ਪੂਰਬੀ ਗਲੋਬਲੀ ਸਥਿਤੀਆਂ ਅਨੁਸਾਰ ਆਪਣਾ ਸਰੂਪ ਵਿਸ਼ਾਲ ਕਰਦਾ ਹੈ। ਪੱਛਮ ਦੀਆਂ ਔਰਤਾਂ ਦੇ ਸੰਦਰਭ ਵਿੱਚ ਔਰਤ ਲਈ ਵੋਟ ਦਾ ਅਧਿਕਾਰ, ਕੰਮ ਦਾ ਅਧਿਕਾਰ, ਜਾਇਦਾਦ ਦਾ ਅਧਿਕਾਰ, ਪ੍ਰਸੂਤਾ ਛੁੱਟੀ ਦਾ ਅਧਿਕਾਰ, ਤਲਾਕ ਦਾ ਅਧਿਕਾਰ, ਅਣਵਿਆਹੀ ਮਾਂ ਨੂੰ ਸਮਾਜਿਕ ਮਾਨਤਾ ਦਾ ਅਧਿਕਾਰ ਆਦਿ ਸੰਕਲਪ ਨਾਰੀ-ਚੇਤਨਾ ਦੇ ਦਾਇਰੇ ਵਿੱਚ ਆਉਂਦੇ ਹਨ। ਪੂਰਬੀ ਦੇਸ਼ਾਂ ਖਾਸਕਾਰ ਭਾਰਤ ਦੇ ਪ੍ਰਸੰਗ ਵਿੱਚ ਭਰੂਣ ਹੱਤਿਆ, ਕੁੜੀ ਨੂੰ ਜੰਮਦਿਆਂ ਹੀ ਮਾਰ ਦੇਣਾ, ਬਾਲ-ਵਿਆਹ, ਵਿਧਵਾ-ਵਿਆਹ, ਸਤੀ-ਪ੍ਰਥਾ, ਛੁੱਟੜ, ਤੀਹਰਾ ਤਲਾਕ, ਵੱਖ ਵੱਖ ਕਾਰਜਾਂ ਵਿੱਚ ਔਰਤ ਦੇ ਦੂਜੈਲੇ ਸਥਾਨ ਦੀ ਸਮੱਸਿਆ ਆਦਿ ਨੂੰ 'ਨਾਰੀ ਚੇਤਨਾ' ਸ਼ਬਦ ਆਪਣੇ ਕਲਾਵੇ ਵਿੱਚ ਲੈਂਦਾ ਹੈ। ਪਾਕਿਸਤਾਨ ਵਿੱਚ ਸਥਿਤੀ ਇਸ ਤੋਂ ਵੀ ਅਲੱਗ ਹੈ। ਉਥੇ ਪੜ੍ਹਾਈ ਦਾ ਅਧਿਕਾਰ, ਸ਼ਰਾ ਨੇਮਾ ਦੀ ਕੱਟੜਤਾ, ਜਾਗੀਰਦਾਰੀ ਅਲਾਮਤਾਂ, ਵੇਸਵਾਬ੍ਰਿਤੀ, ਪਹਿਰਾਵੇ ਦੇ ਬੰਧਨਾ ਤੋਂ ਮੁਕਤੀ ਆਦਿ 'ਨਾਰੀ ਚੇਤਨਾ' ਦੇ ਅਧਾਰ ਹਨ। ਅੱਜ ਇੱਕੀਵੀਂ ਸਦੀ ਦੇ ਸੰਦਰਭ ਵਿੱਚ ਗਲੋਬਲੀ ਪ੍ਰਸਥਿਤੀਆਂ ਬਿਲਕੁਲ ਨਵੀਆਂ ਤੇ ਗੁੰਝਲਦਾਰ ਹਨ। ਅੱਜ 'ਨਾਰੀ ਚੇਤਨਾ' ਸੰਕਲਪ ਵਿੱਚ ਜੈਵਿਕ/ਪ੍ਰਜਣਨ, ਸਮਾਜਿਕ, ਸੱਭਿਆਚਾਰਕ, ਆਰਥਿਕ, ਰਾਜਨੀਤਕ, ਵਿਗਿਆਨਕ, ਮਨੋਵਿਗਿਆਨਕ, ਤਕਨੀਕ, ਚੇਤਨਤਾ, ਭਾਵੁਕਤਾ, ਸੋਚ, ਜਰੂਰਤਾਂ ਆਦਿ ਸੰਦਰਭ ਪੂਰਨ ਰੂਪ ਵਿੱਚ ਤਬਦੀਲ ਹੋ ਚੁੱਕੇ ਹਨ ਜਿਸ ਸਦਕੇ 'ਨਾਰੀ ਚੇਤਨਾ' ਸੰਕਲਪ ਨਿੱਤ-ਨਵਾਂ ਨਰੋਆ ਸਰੂਪ ਅਖਤਿਆਰ ਕਰ ਰਿਹਾ ਹੈ। ਇਨ੍ਹਾਂ ਤੱਤਾਂ ਦੀ ਰੌਸ਼ਨੀ ਵਿੱਚ ਹੀ ਹੱਥਲੇ ਅਧਿਐਨ ਵਿੱਚ ਇੱਕੀਵੀਂ ਸਦੀ ਦੀ ਗਲੋਬਲੀ/ਕਹਾਣੀ ਦੇ ਬਦਲਦੇ ਸਰੂਪ ਅਨੁਸਾਰ ਪੰਜ ਭਾਰਤੀ ਕਹਾਣੀਕਾਰਾਂ ਦੀਆਂ ਪੰਜ ਕਹਾਣੀਆਂ ਅਤੇ ਪੰਜ ਪਰਵਾਸੀ/ਪਾਕਿਸਤਾਨੀ ਕਹਾਣੀਕਾਰਾਂ ਦੀਆਂ ਪੰਜ ਕਹਾਣੀਆਂ ਨੂੰ ਅਧਾਰ-ਪਾਠ ਮੰਨ ਕੇ ਇੱਕੀਵੀਂ ਸਦੀ ਦੀ 'ਨਾਰੀ ਚੇਤਨਾ' ਨੂੰ ਪਛਾਨਣ ਦਾ ਯਤਨ ਕੀਤਾ ਜਾਵੇਗਾ।

'ਜਿੰਦਰ' ਪੰਜਾਬੀ ਕਹਾਣੀ ਜਗਤ ਵਿੱਚ ਚੌਥੀ ਪੀੜ੍ਹੀ ਦਾ ਸਥਾਪਿਤ ਹੋ ਚੁੱਕਾ ਕਹਾਣੀਕਾਰ ਹੈ ਜੋ ਨਿਰੰਤਰ ਪੰਜਾਬੀ ਕਹਾਣੀ ਦੇ ਚੌਖਟੇ ਨੂੰ ਵਡੇਰਾ ਕਰਨ ਪ੍ਰਤੀ ਯਤਨਸ਼ੀਲ ਹੈ। ਪੰਜਾਬੀ ਸਾਹਿਤ ਦੀ ਝੋਲੀ ਵਿੱਚ ਅੱਧੀ ਦਰਜਨ ਤੋਂ ਵੱਧ ਕਹਾਣੀ ਸੰਗ੍ਰਹਿਾਂ ਦਾ ਯੋਗਦਾਨ ਪਾਉਣ ਵਾਲੇ ਜਿੰਦਰ ਦੀ ਸਮੁੱਚੀ




ਕਹਾਣੀ ਸਿਰਜਣਾ ਵਿਸ਼ੇ ਅਤੇ ਰੂਪਕ ਵੱਖ ਤੋਂ ਨਿਵੇਕਲੀ ਹੈ ਜੋ ਪਾਠਕਾਂ ਨੂੰ ਲਗਾਤਾਰ ਆਪਣੇ ਵੱਲ ਖਿੱਚਦੀ ਆ ਰਹੀ ਹੈ। ਹਥਲੇ ਅਧਿਐਨ ਵਿੱਚ ਪਹਿਲਾਂ 'ਜ਼ਖ਼ਮ' ਕਹਾਣੀ ਸੰਗ੍ਰਹਿ ਤੇ ਬਾਅਦ ਵਿੱਚ 'ਕੱਚੇ ਪੱਕੇ ਨਕਸ਼' ਕਹਾਣੀ ਸੰਗ੍ਰਹਿ ਵਿੱਚ ਛਪੀ ਜਿੰਦਰ ਦੁਆਰਾ ਰਚਿਤ ਕਹਾਣੀ 'ਮੁੜ ਗਲਤੀ ਨਾ ਕਰੀਂ' ਦੇ ਸੰਦਰਭ ਵਿੱਚ 'ਨਾਰੀ ਚੇਤਨਾ' ਨੂੰ ਉਜਾਗਰ ਕਰਨ ਦਾ ਯਤਨ ਕੀਤਾ ਜਾਵੇਗਾ। ਕਹਾਣੀ ਵਿੱਚ ਅੱਜ ਦੀ ਔਰਤ ਦੀ ਜ਼ਿੰਦਗੀ ਦੇ ਬਿਰਤਾਂਤ ਨੂੰ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਅੱਜ ਵੀ ਔਰਤ ਪਰੰਪਰਾਵਾਦੀ ਸਮਾਜਿਕ ਬੰਧਨਾਂ ਕਰਕੇ ਦੁਖਾਂਤ ਭੋਗਦੀ ਹੈ ਤੇ ਅੰਤ ਨੂੰ ਨਾਬਰ ਹੋ ਜਾਂਦੀ ਹੈ। ਕਹਾਣੀ ਦੀ ਨਾਇਕਾ 'ਗੁਰਲੀਨ ਬਿਰਦੀ' ਨੂੰ ਤਰਸ ਦੇ ਅਧਾਰ ਤੇ ਬਾਪ ਵਾਲੀ ਨੌਕਰੀ ਮਿਲਦੀ ਹੈ। ਜਦੋਂ ਕੋਈ ਬੇਵਜਾ ਉਸਦੇ ਬਾਪ ਦੀ ਸਿਫਤ ਕਰਦਾ ਹੈ ਜਾਂ ਬਾਪ ਦੇ ਨਾਂ ਤੇ ਹਮਦਰਦੀ ਜਤਾਉਂਦਾ ਹੈ ਤਾਂ ਉਸਨੂੰ ਕੋਫਤ ਆਉਂਦੀ ਹੈ। ਕਹਾਣੀ ਅਨੁਸਾਰ ਗੁਰਲੀਨ ਆਪਣੇ ਵਾਂਗ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਆਪਣੇ ਹੀ ਦਫਤਰ ਵਿੱਚ ਕੰਮ ਕਰਦੇ ਇਕਬਾਲ ਨਾਲ ਵਿਆਹ ਕਰਵਾਕੇ ਜ਼ਿੰਦਗੀ ਬਤੀਤ ਕਰਨਾ ਚਾਹੁੰਦੀ ਹੈ। ਇਕਬਾਲ ਦੂਸਰੀ ਬਰਾਦਰੀ ਦਾ ਹੋਣ ਕਰਕੇ, ਗੁਰਲੀਨ ਆਪਣੇ ਪਰਿਵਾਰ ਦੀਆਂ ਮਰਿਆਦਾਵਾਂ ਅੱਗੇ ਹਾਰ ਜਾਂਦੀ ਹੈ। ਜਾਤ ਬਾਹਰਾ ਹੋਣ ਕਰਕੇ ਉਸਦਾ ਚਾਚਾ ਤੇ ਫੁੱਫੜ ਇਸ ਕੁਜਾਤ ਵਿਆਹ ਲਈ ਰਾਜੀ ਨਹੀਂ ਹੁੰਦੇ। ਦੂਸਰੀ ਵਾਰ ਫਿਰ ਗੁਰਲੀਨ ਮਨ 'ਚ ਹੌਸਲਾ ਭਰਕੇ ਘਰਦਿਆਂ ਵੱਲੋਂ ਲੱਭੇ ਸਭ ਰਿਸ਼ਤੇ ਨਕਾਰ ਕੇ ਵਿਆਹੇ ਵਰੇ ਜਾਤੋਂ ਬਾਹਰੇ ਆਪਣੇ ਬੌਸ ਮਹਿੰਦਰ ਨਾਲ ਵਿਆਹ ਕਰਵਾਉਣ ਦਾ ਸੁਪਨਾ ਵੇਖਦੀ ਹੈ। ਗੁਰਲੀਨ ਆਪਣੇ ਆਪ ਨੂੰ ਸਮਾਜਿਕ ਜਾਤੀ ਬੰਧਨਾਂ ਤੋਂ ਨਾਬਰ ਸਮਝਦੀ ਹੋਈ ਮਨ ਹੀ ਮਨ ਸੋਚਦੀ ਹੈ ਕਿ ਜੇਕਰ ਨਵੇਂ ਰਿਸ਼ਤੇ ਬਾਰੇ ਗੱਲ ਕਰਨ ਲਈ ਉਸ ਦੇ ਦਫ਼ਤਰ ਵਿੱਚ ਉਸ ਦੀ ਮਾਂ ਦੀ ਜਗ੍ਹਾ ਉਸਦਾ ਚਾਚਾ ਤੇ ਫੁੱਫੜ ਆਏ ਹੁੰਦੇ ਤਾਂ ਉਨ੍ਹਾਂ ਨੇ ਕਹਿਣਾ ਸੀ, "ਦੇਖੋ ਮੈਂ ਆਪਣੇ ਯਾਰ ਨਾਲ ਬੈਠੀ ਹਾਂ। ਛੰਦੜਾਂ ਵਾਲੇ ਮਹਿੰਦਰ ਵਾਲਮੀਕ ਨਾਲ। ਹੁਣ ਮੈਂ ਉਨ੍ਹਾਂ ਨਾਲ ਵਿਆਹ ਕਰਵਾ ਕੇ ਦਿਖਾਉਂਗੀ। ਤੁਸੀਂ ਜਿਹੜਾ ਕਿਲਾ ਫ਼ਤਹਿ ਕਰਨ ਤੁਰੇ ਹੋ ਉਹਦੀ ਤੁਹਾਡੇ ਸਾਹਮਣੇ ਹੀ ਮੈਂ ਇੱਟ ਨਾਲ ਇੱਟ ਖੜਕਾ ਦੇਣੀ ਹੈ।" (2) (ਜਿੰਦਰ, ਕਹਾਣੀ-'ਮੁੜ ਗਲਤੀ ਨਾ ਕਰੀਂ') ਗੁਰਲੀਨ ਪਰਿਵਾਰ ਪ੍ਰਤੀ ਨਾਬਰੀ ਵਾਲਾ ਰੁੱਖ ਅਖਤਿਆਰ ਕਰਦੀ ਹੋਈ ਪਹਿਲਾਂ ਵਾਲੀ ਗਲਤੀ ਦੁਹਰਾਉਣਾ ਨਹੀਂ ਚਾਹੁੰਦੀ। ਉਹ ਜਾਤ-ਪਾਤ, ਧਰਮ, ਕਬੀਲੇ ਤੋਂ ਉਪਰ ਉੱਠ ਕੇ ਮਹਿੰਦਰ ਵਾਲਮੀਕ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ। ਗੁਰਲੀਨ ਦਾ ਮੁੜ-ਮੁੜ ਪ੍ਰਸਥਿਤੀਆਂ ਦੇ ਵਸ ਨਾ ਪੈ ਕੇ ਨਾਬਰ ਹੋ ਜਾਣਾ 'ਨਾਰੀ ਚੇਤਨਾ' ਦਾ ਲਖਾਇਕ ਹੈ।

'ਅਜਮੇਰ ਸਿੱਧੂ' ਪੰਜਾਬੀ ਦਾ ਸਮਕਾਲੀ ਕਹਾਣੀਕਾਰਾਂ ਵਿੱਚੋਂ ਸਿਰ ਕੱਢ ਨਾਂ ਹੈ। ਸਿੱਧੂ ਨੇ ਛੇ ਦੇ ਕਰੀਬ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ 'ਚ ਪਾਏ ਹਨ। ਮਨੁੱਖੀ ਮਨ ਦੀਆਂ ਤੰਦਾਂ ਨੂੰ ਸਮਕਾਲੀ ਸਮਾਜਿਕ-ਰਾਜਨੀਤਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਰੱਖਕੇ ਕਹਾਣੀ ਕਹਿਣ ਵਾਲੇ ਕਹਾਣੀਕਾਰ ਅਜਮੇਰ ਸਿੱਧੂ ਦੇ 'ਖੁਸ਼ਕ ਅੱਖ ਦਾ ਖ਼ਾਬ' ਤੇ ਬਾਅਦ ਵਿੱਚ 'ਸ਼ਾਇਦ ਰੰਮੀ ਮੰਨ ਜਾਏ' ਤੇ ਹੋਰ ਕਹਾਣੀਆਂ' ਸੰਗ੍ਰਹਿ ਵਿੱਚ ਦਰਜ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਪੰਜਾਬ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਆ ਰਹੀ ਹੀ ਆਰਥਿਕ ਤਬਦੀਲੀ ਦੇ ਸਮਵਿਥ ਬਦਲ ਰਹੀ ਸਮਾਜਿਕ ਪ੍ਰਸਥਿਤੀ, ਉਸਦੇ ਸਮੁੱਚੇ ਸੱਭਿਆਚਾਰਕ ਪ੍ਰਭਾਵ 'ਨਾਰੀ ਸਪੇਸ' ਦੇ ਮੱਦੇਨਜ਼ਰ ਇੱਕੋ ਵੇਲੇ ਪਕੜਦੀ ਹੈ। ਗਲੋਬਲੀ ਯੁੱਗ ਵਿੱਚ ਪੈਸੇ ਦੀ ਚਮਕ ਦਮਕ ਪਿੱਛੇ ਮਨੋਵਿਗਿਆਨਕ ਤੌਰ ਤੇ ਨੱਠ ਭੱਜ ਰਹੀ 'ਮੈਂ' ਪਾਤਰ ਤਾਰੋ ਦੀ ਕਸ਼ਮਕਸ਼ ਨੂੰ ਬਿਆਨ ਕਰਨ ਵਾਲੀ ਇਹ ਇੱਕ ਅਜਿਹੀ ਕਹਾਣੀ ਹੈ ਜਿਸਦਾ ਪੂਰਨ ਬਿਰਤਾਂਤ ਤਾਰੋ, ਉਸਦੀ ਧੀ ਰੰਮੀ ਅਤੇ ਤਾਰੋ ਦੀ ਭਰਜਾਈ ਬਿਮਲਾ ਅਤੇ ਬਿਮਲਾ ਦੀਆਂ ਧੀਆਂ ਲੱਭੂ ਅਤੇ ਰੱਜੋ ਦੇ ਅੰਤਰ-ਵਿਰੋਧੀ ਵਰਤਾਲਾਪ ਵਿੱਚੋਂ ਉਪਜਦਾ ਹੈ। ਇਹ ਕਹਾਣੀ ਔਰਤ ਪ੍ਰਤੀ ਸਦੀਆਂ ਤੋਂ ਬਣੀਆਂ ਹੋਈਆਂ ਮਾਨਤਾਵਾਂ ਤੇ ਧਾਰਨਾਵਾਂ ਨੂੰ ਤੋੜ ਕੇ ਗਲੋਬਲੀ ਯੁੱਗ ਵਿੱਚ ਵਿਚਰ ਰਹੀ ਔਰਤ ਦੇ ਅੰਤਰਹੀਣ ਅਤੇ ਸੂਖਮ ਸੱਚ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਦੂਜਾ ਪੱਖ ਮੰਡੀ ਦੇ ਖ਼ੱਪਤ ਸੱਭਿਆਚਾਰ ਵਿੱਚ ਉਭਰੇ ਆਰਕੈਸਟਰਾ ਦੇ ਸਰੂਪ ਰਾਹੀਂ ਪੰਜਾਬੀ ਬੰਦੇ ਦੀ ਫਿਰਤ ਨੂੰ ਬਿਆਨਣਾ ਹੈ, ਜਿਸਨੇ ਪੰਜਾਬੀ ਵਿਆਹਾਂ ਦੇ ਸੱਭਿਆਚਾਰ ਵਿੱਚ ਰੀਤੀ ਰਿਵਾਜਾਂ ਅਤੇ 'ਨਾਰੀ' ਦੇ ਵਿਆਹਾਂ ਵਿਚਲੇ ਬਿੰਬ ਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ। ਕਹਾਣੀ ਪਾਠ ਅਨੁਸਾਰ ਤਾਰੋ ਪਰੰਪਰਾਗਤ ਅਤੇ ਆਧੁਨਿਕ ਨਾਰੀ ਦਾ ਵਿਚਕਾਰਲਾ ਪੜਾਅ ਜੋ ਭਰਾ ਸੱਤੇ ਦੇ ਡਰ ਕਾਰਨ, "ਮੈਂ ਅਜੇ ਸ਼ਰਾਬੀ ਦਾ ਸਵਾਗ ਉਤਾਰਨ ਲਈ ਬੋਲੀ ਚੁੱਕੀ ਹੀ ਸੀ ਕਿ ਕਿਧਰੋਂ ਸੱਤਾ ਆ ਪਹੁੰਚਿਆ। ਲਾਲ ਅੱਖਾਂ-ਅੱਖਾਂ 'ਚੋਂ ਅੰਗਿਆਰ ਡਿਗਣ।..... ਮੇਰਾ ਉਹਦੀਆਂ ਅੱਖਾਂ ਵੱਲ ਮੁੜ ਦੇਖਣ ਦਾ ਹੀਆ ਨਾ ਪਿਆ।.......ਘਰ ਨੂੰ ਨੰਗੇ ਪੈਰੀਂ ਭੱਜੀ ਆਈ। ਮੇਰੀ ਤਾਂ ਜੁੱਤੀ ਵੀ ਉਥੇ ਈ......ਸਾਰੀਆਂ ਕੁੜੀਆਂ ਉਹ ਤੋਂ ਡਰਦੀਆਂ ਸਨ" ..........ਹੁਣ ਮੈਂ ਸੱਤੇ ਦੀਆਂ ਅੱਖਾਂ ਦੀ ਲਾਲੀ ਦੀ ਘੂਰ ਝੱਲ ਲਵਾਂ। ਸ਼ਾਇਦ ਰੰਮੀ ਨੂੰ ਮਨਾ ਲਵਾਂ"(3)

ਅਤੇ ਧੀ ਰੰਮੀ ਦੀ ਇਨਕਲਾਬੀ ਸੋਚ ਕਾਰਨ, "ਮੈਨੂੰ ਰੰਮੀ ਵੱਲ ਦੇਖ ਕੇ ਕੰਧਾਂ ਤੇ ਲੱਗੀਆਂ ਫੋਟੋਆਂ ਦੇਖ ਕੇ ਲਗਦਾ ਕਿ ਸੱਤਾ ਮੋਇਆ ਨਹੀਂ। ਮੇਰੀ ਧੀ ਵਿੱਚ ਸੱਤੇ ਵਾਲੀ ਕਣੀ ਆ।"(4) ਸੀਮਾਵਾਂ ਉਲੰਘਣ ਤੋਂ ਅਸਮਰਥ ਹੈ। ਬਿਮਲਾ ਮਿਥ ਭੰਜਕ ਹੈ ਪਰ ਗਲੋਬਲੀ ਸੋਚ ਮੁਤਾਬਕ ਸ਼ਰੀਰਕ ਸ਼ੋਸ਼ਣ ਦਾ ਸ਼ਿਕਾਰ, ਜੋ ਧੀਆਂ ਨੂੰ ਵੀ ਦੇਹ ਵਪਾਰ ਦੇ ਨਰਕ ਵਿੱਚ ਧੱਕ ਦਿੰਦੀ ਹੈ। ਤਾਰੋ ਦੀ ਆਰਥਿਕ ਕੰਗਾਲੀ ਉਸਨੂੰ ਥਾਲੀ ਦੇ ਪਾਣੀ ਵਾਂਗ ਡੋਲਣ ਲਈ ਮਜ਼ਬੂਰ ਕਰਦੀ ਹੈ। ਕਹਾਣੀਕਾਰ ਨੇ ਉਸ ਦੇ ਆਪੇ ਦੀ ਸਥਿਤੀ ਨੂੰ ਇਉਂ ਪੇਸ਼ ਕੀਤਾ ਹੈ, "ਮੈਂ ਕਈ ਮਹੀਨਿਆਂ ਤੋਂ ਆਪਣੇ ਆਪ ਨਾਲ ਘੁੱਲ ਰਹੀ ਸਾਂ। ਇੱਕ ਪਾਸੇ ਸੱਤੇ ਦੀਆਂ ਅੱਖਾਂ ਦੀ ਲਾਲੀ ਦਾ ਭੈਅ ਤੇ ਦੂਜੇ ਪਾਸੇ ਬਿਮਲਾ ਦੇ ਚਿਹਰੇ ਦਾ ਨੂਰ ਇਨ੍ਹਾਂ ਦੋਹਾਂ ਨੇ ਮੈਨੂੰ ਗਧੀ ਗੇੜ ਵਿੱਚ ਪਾਇਆ ਹੋਇਆ ਸੀ। (5) ਵਾਰ-ਵਾਰ ਉਸਦੇ ਮਨ ਵਿੱਚ ਬਿਮਲਾ ਦੇ ਘਰ ਦੀ ਚਮਕ ਦਮਕ ਘੇਰਾ ਪਾਉਂਦੀ ਹੈ। ਪਰ ਕੋਫਤ ਬਰਕਰਾਰ ਰਹਿੰਦੀ ਹੈ, " ਪਹਿਲਾਂ ਕੁੜੀ ਦੇ ਕੱਪੜੇ ਵੇਖ ਕੇ ਤਰੇਲੀ ਆ ਗਈ......ਸਾਰਾ ਲੱਕ ਤੇ ਢਿੱਡ ਨੰਗਾ ਜਦੋਂ ਸੰਗੀਤ ਦੀ ਧੁੰਨ ਵੱਜੇ, ਛਾਤੀਆਂ ਨੂੰ ਮੁੰਡੇ ਦੇ ਮੂਹਰੇ ਕਰਕੇ ਹਿਲਾਵੇ..........ਬੋਲਾਂ ਤੇ ਉਹਨਾਂ ਦੇ ਐਕਸ਼ਨ ਦੇਖ-ਦੇਖ ਮੈਂ ਧਰਤੀ ਵਿੱਚ ਧਸਦੀ ਜਾਵਾਂ। ਹੈਅ! "ਸਕੇ ਭੈਣ ਭਰਾ..........।" (6) ਕਹਾਣੀ ਪਾਠ ਮੁਤਾਬਕ ਦੇਹ ਵਪਾਰ 'ਚ ਗ੍ਰਸਤ ਕੁਲਜੀਤ ਵੀ ਉਹਦੇ ਮਨ ਤੇ ਵਾਰ-ਵਾਰ ਭਾਰੂ ਹੁੰਦੀ ਹੈ ਤੇ ਰੰਮੀ ਪ੍ਰਤੀ ਉਸਦੇ ਮਨ ਵਿੱਚ 'ਜੇ' ਤੇ 'ਸ਼ਾਇਦ' ਉਕਸਾਊ ਸ਼ਬਦ ਬਿਮਲਾ ਤੇ ਕੁਲਜੀਤ ਹੀ ਭਰਦੀਆਂ ਹਨ। ਰੰਮੀ ਤੋਂ ਇਲਾਵਾ ਕੋਈ ਵੀ ਔਰਤ ਪਾਤਰ ਜਿੰਨ੍ਹਾਂ ਵਿੱਚ ਤਾਰੋ, ਬਿਮਲਾ, ਲਵਪ੍ਰੀਤ (ਲੱਭੂ), ਰਾਜਦੀਪ (ਰੱਜੋ) ਕੁਲਜੀਤ ਆਪਣੀ ਹੋਂਦ ਜਾਂ ਪਛਾਣ ਪ੍ਰਤੀ ਚੇਤੰਨ ਨਹੀਂ ਹਨ। ਕਹਾਣੀ-ਪਾਠ ਵਿੱਚ ਰੰਮੀ ਇੱਕ ਜਾਗ੍ਰਿਤ ਕੁੜੀ ਹੈ। ਜੋ ਲੋਟੂ ਪ੍ਰਬੰਧ ਦੀਆਂ ਚਾਲਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਤਾਰੋ ਦੇ ਸੁਪਨੇ ਵਿੱਚ ਰੰਮੀ ਦੇ ਕਹੇ ਬੋਲ ਉਸਦੀ 'ਸ਼ਾਇਦ' ਵਾਲੀ ਵਿਚਾਰਧਾਰਾ ਨੂੰ ਹਲੂਣਦੇ ਹਨ, "ਬੰਦ ਕਰੋ ਇਹ ਕੰਜਰਖਾਨਾ। ਜਿਹਨੇ ਨੱਚਣਾ, ਆਓ ਮੇਰੇ ਨਾਲ ਨੱਚੋ, ਆਪਣੀਆਂ ਧੀਆਂ ਨਾਲ ਨੱਚੋ। ਮੈਂ ਬੋਲੀ ਪਾਉਂਦੀ ਆਂ।(7) (3,4,5,6,7, ਅਜਮੇਰ ਸਿੱਧੂ, ਕਹਾਣੀ-'ਸ਼ਾਇਦ ਰੰਮੀ ਮੰਨ ਜਾਏ')

ਸੋ ਇਸ ਕਹਾਣੀ ਦਾ ਸਮੁੱਚਾ ਪਾਠ ਗਲੋਬਲੀ ਮੰਡੀ ਦੇ ਪ੍ਰਭਾਵ 'ਚ ਉਪਜੀਆਂ ਲੋੜਾਂ ਦੀ ਵਧੀ ਬੇਸ਼ੁਮਾਰ ਭੁੱਖ ਦੇ ਸੰਦਰਭ ਵਿਚ 'ਨਾਰੀ' ਦੇ ਕਿਰਦਾਰ ਦੇ ਬਦਲੇ ਹੋਏ ਕਿਰਦਾਰ ਨੂੰ ਪੇਸ਼ ਕਰਦਾ ਹੈ। ਇੱਕ ਦੇਹ ਸਟੇਜਾਂ ਤੇ ਵੇਚੀ ਜਾਂਦੀ, ਦੂਜੀ ਦੇਹ ਵਿਕਣ ਲਈ ਤਤਪਰ ਤੇ ਤੀਜੀ ਨਾਬਰ ਹੈ, ਇਨਕਲਾਬੀ ਹੈ, ਪਿਤਰੀ ਅਸੂਲਾਂ ਤੇ ਖਰੀ ਹੈ, ਚੇਤੰਨ ਹੈ, ਜਾਗਰੂਕ ਹੈ। ਇਹੋ 'ਨਾਰੀ ਚੇਤਨਾ' ਦਾ ਤਰਾਜੂ ਹੈ ਜਿਸ 'ਤੇ ਰੰਮੀ ਖਰੀ ਉਤਰਦੀ ਹੈ।

ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਪੰਜਾਬੀ ਕਹਾਣੀ ਜਗਤ 'ਚ ਦਸਤਕ ਦੇਣ ਵਾਲੇ 'ਸੁਖਜੀਤ' ਨੇ ਪੰਜਾਬੀ ਵਿੱਚ ਪਾਇਦਾਰ ਕਹਾਣੀਆਂ ਲਿਖੀਆਂ ਹਨ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਉਸਨੇ ਚਾਰ ਕਹਾਣੀ ਸੰਗ੍ਰਹਿ ਲਿਖਕੇ ਆਪਣੀ ਕਹਾਣੀ ਕਲਾ ਦਾ ਚੰਗਾ ਲੋਹਾ ਮਨਵਾਇਆ ਹੈ। 'ਮੈਂ ਰੇਪ ਨੂੰ ਇੰਜੂਆਏ ਕਰਦੀ ਹਾਂ' ਕਹਾਣੀ ਇਸੇ ਟਾਈਟਲ ਵਾਲੇ ਕਹਾਣੀ ਸੰਗ੍ਰਹਿ 'ਚ 2008 'ਚ ਛਪੀ ਫਿਰ ਨਵੇਂ ਸੰਸਕਰਨ ਵਿੱਚ ਇਸ ਨੂੰ 'ਹੁਣ ਮੈਂ ਇੰਜੁਆਏ ਕਰਦੀ ਹਾਂ' ਸਿਰਲੇਖ ਹੇਠ ਛਾਪਿਆ ਗਿਆ। ਇਸ ਬਹੁਚਰਚਿਤ ਕਹਾਣੀ ਵਿੱਚ ਨਾਰੀ ਦਾ ਉਹ ਦਮਿਤ ਚਰਿੱਤਰ ਉਭਰ ਕੇ ਸਾਹਮਣੇ ਆਇਆ ਹੈ ਜੋ ਸਮਾਜ, ਸਮਾਜਿਕ ਸੰਸਥਾਵਾਂ, ਸਮਾਜਿਕ ਰਿਸ਼ਤਿਆਂ ਅਤੇ ਸੱਭਿਆਚਾਰਕ ਵਰਤਾਰਿਆਂ ਦੇ ਪ੍ਰਤੀਕੂਲ ਪ੍ਰਭਾਵਾਂ ਵਿੱਚ ਵਿਦਰੋਹੀ ਰੂਪ ਧਾਰਨ ਕਰ ਲੈਂਦਾ ਹੈ। ਦਮਿਤ ਕਰੂਰ ਹਕੀਕਤਾਂ ਵਿੱਚ ਗੁਜਰ ਕੇ ਜਖਮੀਂ ਹੋਈ ਮਾਨਸਿਕਤਾ, ਸ਼ੋਸ਼ਣਕਾਰੀ ਧਿਰ ਦੇ ਖਿਲਾਫ ਭੁਗਤਦੀ-ਭੁਗਤਦੀ ਅੰਤ੍ਰੀਵੀ-ਵਿਰੋਧ ਦਾ ਸ਼ਿਕਾਰ ਹੋ ਜਾਂਦੀ ਹੈ। ਕਹਾਣੀ ਦੀ 'ਮੈਂ' ਰੂਪੀ ਬਿਰਤਾਂਤਕਾਰ ਪਾਤਰ ਆਪਣਾ ਸਮਾਂ ਵਿਹਾ ਚੁੱਕੀ ਸੰਸਥਾ 'ਵਿਆਹ ਪ੍ਰਬੰਧ' ਦੇ ਪ੍ਰਪੰਚ ਹੇਠ ਮਾਤਾ-ਪਿਤਾ ਵੱਲੋਂ ਜਾਗੀਰਦਾਰੀ ਸਮਾਜਿਕ ਸੋਚ ਤਹਿਤ ਇੱਕ ਮਾਲਦਾਰ ਮਰਦ ਦੇ ਹੱਥ ਦੇ ਦਿੱਤੀ ਜਾਂਦੀ ਹੈ, ਜਿੱਥੇ ਉਹ ਇੱਕ ਅਯਾਸ਼ ਤੇ ਹਵਸ਼ੀ 'ਪਤੀ' ਦੇ ਜਬਰੀ, ਅਣਉਚਿਤ, ਗ਼ੈਰ-ਪ੍ਰਕ੍ਰਿਤਕ ਲਿੰਗਕ ਪ੍ਰਹਾਰ ਦਾ ਸ਼ਿਕਾਰ ਬਣਦੀ ਹੈ। ਲਗਾਤਾਰ ਰੇਪ ਦਰਦ ਦੀ ਘਟਨਾ ਵਿੱਚੋਂ ਉਹਦਾ ਸਵੈ-ਰੂਪ ਅੰਦਰੋਂ ਅੰਦਰੀ ਸੁੱਕਦਾ ਤੁਰਿਆ ਜਾਂਦਾ ਹੈ। ਅਸਤਿਤਵੀ ਦਰਦ ਦੀ ਵੇਦਨਾ ਬਦਲੇ ਦੀ ਭਾਵਨਾ ਵਿੱਚ ਤਬਦੀਲ ਹੋ ਜਾਂਦੀ ਹੈ। ਦੁੱਖ 'ਮੈਂ' ਬਿਰਤਾਂਤਕਾਰ ਲਈ ਅਪ੍ਰਾਪਤੀ ਦੀ ਪੀੜ ਬਣ ਕੇ ਰਹਿ ਜਾਂਦਾ ਹੈ। ਇਸ ਦੁੱਖ ਦੇ ਅਨੁਭਵ ਅਤੇ ਸਮਰੱਥਾ, ਅਸਤਿਤਵੀ ਪਛਾਣ ਦੀ ਸ਼ਕਤੀਸ਼ਾਲੀ ਪ੍ਰੇਰਨਾ ਬਣਨ ਦੇ ਨਾਲ-ਨਾਲ, ਘ੍ਰਿਣਾ ਅਤੇ ਨਫ਼ਰਤ ਵਿੱਚ ਵੀ ਤਬਦੀਲ ਹੋ ਜਾਂਦੇ ਹਨ, "ਮੈਂ ਕਦੋਂ ਕੈਹਨੀਆਂ ਸਾਲਿਆ ਕਿ ਜੀਹਦੇ ਨਾਲ 'ਰੇਪ' ਹੁੰਦੈ ਉਹ 'ਇੰਜੁਆਏ' ਕਰਦੈ, ਮੈਂ ਕੈਂਹਨੀਆਂ ਕਿ ਜਿਹੜਾ 'ਰੇਪ' ਕਰਦੈ ਉਹ ਇੰਜੁਆਏ ਕਰਦੈ...................ਤੇ ਮੈਂ ਅੱਜ ਕੱਲ 'ਰੇਪ' ਨੂੰ ਇੰਜੂਆਏ ਕਰਦੀ ਆਂ.....................

ਅੱਜ ਕੱਲ ਹੋਰ ਵੀ ਕਿੰਨਾਂ ਕੁੱਝ ਇੰਜੂ ਆਏ ਕਰਦੀ ਆਂ...........।....ਜਿਸ ਤੋਂ ਨਫ਼ਰਤ ਸੀ ਕਦੇ, ਕਮੀਨਗੀ, ਮੱਕਾਰੀ ਝੂਠ ਤੇ...........ਸੈਹਬ ਜੀਆਂ ਦੀਆਂ ਗਾਲਾਂ...........। ਉਹ ਦੱਸਦੀ ਆਂ ਤੈਨੂੰ ਆ ਕੇ .............ਅੱਜ ਟੱਕਰਦੀਆਂ ਤੈਨੂੰ ਭੈਣ ਚੋ............।" (8) (ਸੁਖਜੀਤ, ਕਹਾਣੀ-'ਮੈਂ ਰੇਪ ਨੂੰ ਇੰਜੂਆਏ ਕਰਦੀ ਹਾਂ') ਕਹਾਣੀ ਪਾਠ ਵਿਚ ਕਹਾਣੀਕਾਰ ਨਾਰੀ ਦਾ ਨਫ਼ਰਤੀ-ਵਿਦਰੋਹ ਤਾਂ ਚਿਤਰਨ 'ਚ ਪੂਰੀ ਤਰ੍ਹਾਂ ਸਫ਼ਲ ਹੈ, ਪਰ ਨਾਰੀ ਅਸਤਿਤਵ ਦੀ ਖੁਰ ਰਹੀ ਹੋਂਦ ਦਾ ਉਲਝੇਵਾ ਬਰਕਰਾਰ ਰਹਿੰਦਾ ਹੈ। ਮਰਦਾਊ ਸਮਾਜ ਵਿੱਚ ਮਰਦਾਂ ਵਰਗੇ ਹੋ ਕੇ ਟੱਕਰਨਾ 'ਨਾਰੀ ਚੇਤਨਾ' ਦਾ ਪੂਰਨ ਹਾਸਿਲ ਨਹੀਂ, ਅਸਲ ਹਾਸਿਲ ਤਾਂ ਅੰਤ੍ਰੀਵੀ-ਹੋਂਦ ਦੀ ਤਸਦੀਕ ਕਰਵਾਉਣਾ ਹੈ ਜੋ ਕਿਤੇ ਨਾ ਕਿਤੇ ਕਹਾਣੀ ਨੇ ਅਵੱਸ਼ ਕਰਵਾਈ ਹੈ।

'ਨਾਰੀ ਚੇਤਨਾ' ਨੂੰ ਕੇਂਦਰ ਵਿੱਚ ਰੱਖ ਕੇ ਕਹਾਣੀ ਸਿਰਜਣਾ ਕਰਨ ਵਾਲੀ 'ਰਸ਼ਪਿੰਦਰ ਰਸ਼ਿਮ' ਨੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ-ਜਗਤ ਦੀ ਝੋਲੀ ਪਾਏ ਹਨ। ਰਸ਼ਪਿੰਦਰ ਰਸ਼ਿਮ ਦੇ ਕਹਾਣੀ ਸੰਗ੍ਰਹਿ 'ਉੱਧੜੀ ਹੋਈ ਗੁੱਡੀ' ਵਿੱਚ ਦਰਜ ਕਹਾਣੀ 'ਨਾਈਟ ਮੇਅਰਜ਼', ਨਾਰੀ ਦੀਆਂ ਪ੍ਰਕ੍ਰਿਤਕ ਇੱਛਾਵਾਂ ਦੇ ਸੰਸਕ੍ਰਿਤ ਮਰਿਆਦਾਵਾਂ ਨਾਲ ਟਕਰਾਓ ਦਾ ਅਹਿਸਾਸ ਪਾਠਕਾਂ ਨੂੰ ਪੂਰਨ ਭਾਂਤ ਕਰਵਾਉਂਦੀ ਹੈ। ਸੁਪਨਾ ਵਿਧੀ ਵਿੱਚ ਸਿਰਜੇ ਕਹਾਣੀ-ਪਾਠ ਵਿੱਚਲੀ ਔਰਤ ਕੋਈ ਬਾਲ ਵਿਧਵਾ, ਛੱਡੀ ਹੋਈ ਤੀਵੀਂ, ਅਣਵਿਆਹੀ ਕੁੜੀ ਜਾਂ ਬੇਜੋੜ ਵਿਆਹ ਵਿੱਚ ਨਰੜੀ ਹੋਈ ਜਨਾਨੀ ਹੈ, ਜਿਹੜੀ ਆਪਣੀ ਜਿਸਮਾਨੀ-ਕਾਮੁਕ ਤ੍ਰਿਪਤੀ ਦੀਆਂ ਮੂੰਹ ਜੋਰ ਖਾਹਿਸ਼ਾਂ ਦੀ ਤ੍ਰਿਪਤੀ ਲਈ ਬੇਬੱਸ ਹੈ, ਕਿਉਂਕਿ ਸਮਾਜ ਦੁਆਰਾ ਸਿਰਜਤ ਮੁੱਲਾਂ ਦਾ ਉਸਤੇ ਕਰੜਾ ਪਹਿਰਾ ਹੈ। ਸ਼ਰੀਰਕ ਲੋੜ ਦੀ ਮਜ਼ਬੂਰੀ ਬਸ 'ਨਾਰੀ' ਓਹਲੇ ਵਿਚ/ਪਰਦੇ ਵਿੱਚ ਵਲਗਣਾਵਾਂ ਪਾਰ ਕਰਨ ਦਾ ਹੀਂਆ ਕਰਦੀ ਹੈ, "ਵਲਗਣ ਟੱਪਣ ਤੋਂ ਪਹਿਲਾਂ, ਲੰਮੇ ਕਾਲੇ ਰੇਸ਼ਮੀ ਵਾਲਾਂ ਵਾਲੀ ਔਰਤ ਦੇ ਪੈਰ ਤਿਲਕ ਗਏ। ਬਹੁਤ ਜੇਰਾ ਚਾਹੀਦਾ ਸੀ। ਕੁੱਝ ਚਿਰ ਉਹ ਰੁਕੀ ਰਹੀ। ਪਰ ਫਿਰ ਜਿਸਮ ਦੀ ਮੂੰਹ ਜੋਰ-ਖਾਹਿਸ਼ ਨੇ ਜੋਰ ਆਪਣੇ ਆਪ ਦੇ ਦਿੱਤਾ ਅਤੇ ਉਹ ਵਲਗਣ ਟੱਪਕੇ, ਸੁੰਨੀ ਥਾਂ ਵੱਲ ਨੂੰ ਹੋ ਤੁਰੀ।" (9)

ਸੁਪਨੇ ਵਿੱਚ ਸ਼ਰੀਰਕ ਲੋੜ ਕਾਰਨ ਉਹ ਇਹ ਸਮਾਜਿਕ ਵਲਗਣਾ ਭਾਵੇਂ ਪਾਰ ਕਰ ਲੈਂਦੀ ਹੈ ਪਰ ਅਚੇਤ ਮਾਨਸਿਕਤਾ ਵਿੱਚ ਕਾਰਜਸ਼ੀਲ ਸਮਾਜਿਕ ਡਰ ਖੂੰਖਾਰ ਜਾਨਵਰਾਂ ਦੇ ਰੂਪ ਵਿੱਚ ਉਸ ਨੂੰ ਡਰਾਉਂਦਾ ਹੈ, "ਜਿਉਂ ਜਿਉਂ ਕੁੱਤੇ ਨੇੜੇ ਆਉਂਦੇ ਜਾ ਰਹੇ ਸਨ, ਕਦੀ ਉਹ ਬਘਿਆੜ ਬਣਕੇ ਦਿਸਣ ਲੱਗਦੇ, ਕਦੇ ਸੰਢੇ, ਕਦੀ ਨਹੁੰਦਰਾਂ ਵਾਲੇ ਗਿਧ..........। ਸੈਂਕੜੇ ਸ਼ਿਕਾਰੀ ਕੁੱਤੇ ਉਛਲ ਕੇ ਚਾਰੇ ਪਾਸਿਆਂ ਤੋਂ ਉਸ ਵੱਲ ਪਲਟ ਪਏ .....ਇੱਕ ਕੁੱਤੇ ਦੇ ਦੰਦ ਉਸਦੀ ਛਾਤੀ ਨੂੰ ਦਬੋਚਣ ਹੀ ਲੱਗੇ ਸਨ ਕਿ ਉਸਦੀ ਚੀਕ ਨਿਕਲ ਗਈ ਅਤੇ ਨਾਲ ਹੀ ਧਾਰਮਿਕ ਟੱਲ ਖੜਕ ਉਠਿਆ। ਤਦ ਉਸਦੀ ਅੱਖ ਖੁਲ੍ਹ ਗਈ।"(10) ਇਥੇ ਧਾਰਮਿਕ ਸਥਾਨ ਦੇ ਟੱਲ ਦਾ ਖੜਕਣਾ ਸੰਕੇਤਕ ਰੂਪ ਵਿੱਚ ਨਾਰੀ ਨੂੰ ਨਿਰਧਾਰਿਤ ਸੱਭਿਆਚਾਰਕ ਸਮੀਕਰਨਾਂ ਤਹਿਤ ਵਿਰਰਨ ਪ੍ਰਤੀ ਸੁਚੇਤ ਕਰਦਾ ਹੈ। ਸੁਪਨੇ ਦੀ ਨਿਆਈ, ਸਮਾਜਿਕ ਉਹਲੇ ਵਿੱਚ ਮਾਣੇ ਸ਼ਰੀਰਕ ਸੰਬੰਧਾਂ ਕਾਰਨ ਭਾਵੇਂ ਉਸ ਨੂੰ ਕੋਈ ਸੰਤੁਸ਼ਟੀ ਤਾਂ ਨਹੀਂ ਹੁੰਦੀ ਪਰ ਸਮਾਜ ਵਿੱਚ ਉਸਦੀ ਇੱਜਤ ਬਰਕਰਾਰ ਰਹਿੰਦੀ ਹੈ। ਰਸ਼ਿਮ ਸਥਿਤੀ ਤੇ ਦੂਹਰਾ ਵਿਅੰਗ ਕਸਦੀ ਹੈ, "ਲੰਮਾ ਝੰਮਾ ਬੰਦਾ, ਤੜਫਦਾ, ਛਪਟਾਉਂਦਾ ਹੋਇਆ ਕੁੱਝ ਚਿਰ ਉਹਦੀਆਂ ਗਲੀਆਂ ਦੇ ਚੱਕਰ ਕੱਟਦਾ ਰਿਹਾ ਪਰ ਔਰਤ ਦੇ ਠੰਡੇ ਠਾਰ ਸ਼ਰੀਰ ਵਿੱਚ ਕਿਸੇ ਖ਼ਾਹਿਸ਼ ਨੇ ਹੁੰਗਾਰਾ ਨਾ ਭਰਿਆ।" (11) ਪਾਪ ਪੁੰਨ ਦੀ ਭਾਵਨਾ ਤਹਿਤ ਉਸਨੂੰ ਆਪਣਾ ਮਨ ਗੰਧਲਿਆ ਪ੍ਰਤੀਤ ਹੁੰਦਾ ਹੈ, "ਅਗਲਾ ਪੂਰਾ ਦਿਨ, ਤ੍ਰਹਿੰਦੀ...ਤ੍ਰਹਿੰਦੀ ਉਹ ਆਪਣੇ ਸ਼ਰੀਰ ਨੂੰ ਮਲ-ਮਲ ਕੇ ਧੋਂਦੀ ਰਹੀ। ਕਿਸੇ ਨੂੰ ਕੋਈ ਓਪਰੀ ਗੰਧ ਨਾ ਆ ਜਾਏ।"(12) ਸੁਪਨਮਈ ਅਵਸਥਾ ਵਿੱਚ ਕੀਤੇ ਗੁਨਾਹ ਤੋਂ ਮੁਕਤੀ ਪਾਉਣ ਲਈ ਉਹ ਪਵਿੱਤਰ ਹੋਣ ਦੇ ਰਾਹ ਪੈਂਦੀ ਹੈ ਤੇ ਫਿਰ ਆਦਰਸ਼ਕ ਚਰਿੱਤਰ ਧਾਰਨ ਕਰ ਲੈਂਦੀ ਹੈ,-"ਰੇਸ਼ਮੀ ਕਾਲੇ ਵਾਲ ਹੁਣ ਦੁੱਧ-ਚਿੱਟੇ ਹੋ ਚੁੱਕੇ ਹਨ। ਆਪਣੇ ਚੌਗਿਰਦੇ ਵਿੱਚ ਉਹ ਸਭ ਤੋਂ ਵੱਧ ਮੁਹਤਬਰ ਅਤੇ ਇੱਜਤਦਾਰ ਗਿਣੀ ਜਾਂਦੀ ਹੈ। ਲੋਕੀ ਆਪਣੀਆਂ ਧੀਆਂ ਭੈਣਾਂ ਨੂੰ ਉਹਦੇ ਵਰਗਾ ਜੀਵਨ ਬਤੀਤ ਕਰਨ ਲਈ ਨਸੀਹਤਾਂ ਕਰਦੇ ਹਨ। ਵਾਂਢੇ-ਮੇਲੇ ਜਾਣ ਲੱਗਿਆਂ ਆਪਣੀਆਂ ਬੇਟੀਆਂ ਨੂੰ ਉਸਦੇ ਹਵਾਲੇ ਕਰਦੇ ਜਾਂਦੇ ਹਨ। ਚਿੱਟੀ ਚਾਦਰ ਦੀ ਬੁੱਕਲ ਮਾਰਕੇ, ਜਦ ਉਹ ਨਿਕਲਦੀ ਹੈ ਤਾਂ ਲੋਕ ਰਾਹ ਛੱਡ ਕੇ ਅਦਬ ਨਾਲ ਖੜ੍ਹੇ ਹੋ ਜਾਂਦੇ ਹਨ।"(13) (9,10,11,12,13, ਰਸ਼ਪਿੰਦਰ ਰਸ਼ਿਮ, ਕਹਾਣੀ 'ਨਾਈਟ ਮੇਅਰਜ਼') ਪ੍ਰਕਿਤਕ ਭਾਵਨਾ ਕਾਮ ਦੀ ਤ੍ਰਿਪਤੀ ਲਈ ਨਾਰੀ ਕੋਲ ਸਿਰਫ ਵਿਆਹ ਪ੍ਰਬੰਧ ਹੀ ਇੱਕ ਮਾਤਰ ਸਾਧਨ ਹੈ। ਨਾਰੀ ਦੀ ਕਾਮੁਕਤਾ ਨੂੰ ਮਰਦ ਦੀ ਕਾਮੁਕ ਤ੍ਰਿਪਤੀ ਦਾ ਸਾਧਨ ਮਾਤਰ ਮਿਥਿਆ ਜਾਂਦਾ। ਕਹਾਣੀ, ਨਾਰੀ ਦੀ ਕਾਮੁਕ ਅਕਾਂਖਿਆ, ਅਕਾਂਖਿਆ 'ਚੋਂ ਪੈਦਾ ਹੋਈ ਆਤਮਹੀਣਤਾ, ਆਤਮਹੀਣਤਾ ਦਾ ਤਿਆਗ ਕਰ ਸ਼ਾਨ ਨਾਲ ਜਿਉਣ ਦੇ ਸਫ਼ਰ ਨੂੰ ਸੁਪਨੇ ਦੇ ਰੂਪ ਵਿੱਚ ਪੇਸ਼ ਕਰਦੀ ਹੋਈ, ਨਾਰੀ ਇੱਜਤ ਬਰਕਰਾਰੀ ਪ੍ਰਤੀ ਦ੍ਰਿੜ ਕਰਵਾਉਂਦੀ ਹੈ।

ਪੰਜਾਬੀ ਕਹਾਣੀ ਜਗਤ ਵਿੱਚ ਪੈਰ ਜਮਾਉਣ ਲਈ ਤਤਪਰ 'ਸਰਘੀ' ਨੇ ਭਾਵੇਂ ਦਸ-ਬਾਰਾਂ ਕਹਾਣੀਆਂ ਦੀ ਹੀ ਸਿਰਜਣਾ ਕੀਤੀ ਹੈ ਪਰ ਉਹ ਔਰਤ ਦੀਆਂ ਮਨੋਵਿਗਿਆਨਕ ਗੁੰਝਲਾਂ ਦੀ ਜੀਵਨੀ-ਮੂਲਕ ਅੰਦਾਜ ਵਿੱਚ ਸਫ਼ਲਤਾ ਸਹਿਤ ਪੇਸ਼ਕਾਰੀ ਕਰ ਰਹੀ ਹੈ। 'ਰਾਡ' ਸਰਘੀ ਦੀ ਸਮਕਾਲੀ ਸਮਾਜ ਦੀ ਭਿਆਨਕ ਸਮੱਸਿਆ 'ਬਲਾਤਕਾਰ' ਦੇ ਖੌਫ ਨਾਲ ਜੁੜੀ ਮਨੋਵਿਗਿਆਨਕ-ਯਥਾਰਥਕਤਾ ਨੂੰ ਪੇਸ਼ ਕਰਦੀ ਹੈ। ਇਹ ਪ੍ਰਕਿਰਤਕ ਸੱਚਾਈ ਹੈ ਕਿ ਨਾਰੀ ਦੀ ਸ਼ਰੀਰਕ ਬਣਤਰ ਕਾਰਨ ਉਸ ਨਾਲ ਬਲਾਤਕਾਰ ਹੋ ਸਕਦਾ ਹੈ। ਸਮਾਜ ਭਾਵੇਂ ਬਲਾਤਕਾਰ ਨੂੰ ਘਿਨਾਉਣਾ ਅਪਰਾਧ ਮੰਨਦਾ ਹੈ, ਪਰ ਬਲਾਤਕਾਰੀ ਮਰਦ ਨੂੰ ਸਜਾ ਦਿਵਾਉਣ ਦਾ ਸਿਲਸਿਲਾ ਇਨਾਂ ਜਟਿਲ ਹੈ ਕਿ ਇਹ ਨਾਰੀ ਪੀੜਾ ਵਿੱਚ ਹੋਰ ਵਾਧਾ ਕਰਦਾ ਤੁਰਿਆ ਜਾਂਦਾ ਹੈ। ਹੋਰ ਦੁੱਖ ਵਾਲੀ ਗੱਲ ਇਹ ਹੈ ਕਿ ਦੋ ਮਹੀਨਿਆਂ, ਦੋ ਸਾਲਾਂ, ਪੰਜ ਸੱਤ ਸਾਲਾਂ ਦੀਆਂ, ਨਾਰੀ ਸ਼ਰੀਰ ਦੇ ਰਹੱਸਾਂ ਤੋਂ ਅਣਜਾਣ ਬਾਲੜੀਆਂ ਨਾਲ ਹੋਈ ਧਿੰਗੋਜੋਰੀ ਹੋਰ ਵੀ ਭਿਆਨਕ ਹੋ ਨਿਬੜਦੀ ਹੈ। 'ਰਾਡ' ਕਹਾਣੀ ਵਿੱਚ ਸਰਘੀ ਨੇ ਆਤਮ-ਕਥਾ ਵਿਧੀ ਰਾਹੀਂ ਔਰਤ ਮਨ ਦੀਆਂ ਉਨ੍ਹਾਂ ਗੁੰਝਲਾਂ ਨੂੰ ਪੇਸ਼

(ਬਾਕੀ ਕੱਲ੍ਹ ਦੇ ਅੰਕ 'ਚ)






# ਅੰਤਰਾਸ਼ਟਰੀ ਯੋਗਾ ਦਿਵਸ ਇੱਕ ਧਰਤੀ, ਇੱਕ ਸਿਹਤ ਲਈ ਯੋਗਾ ਥੀਮ ਤਹਿਤ ਮਨਾਉਣਾ ਸ਼ਲਾਘਾਯੋਗ ਉਪਰਾਲਾ : ਮੇਅਰ ਕੁੰਦਨ ਗੋਗੀਆ

**ਪਟਿਆਲਾ, 22 ਜੂਨ**
**-ਛਤਰਪਾਲ ਸਿੰਘ-**

ਸਰੀਰਕ, ਮਾਨਸਿਕ ਅਤੇ ਆਤਮਿਕ ਸਿਹਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅੱਜ ਅੰਤਰਾਸ਼ਟਰੀ ਯੋਗਾ ਦਿਵਸ ਮੌਕੇ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਸਿਹਤ ਵਿਭਾਗ , ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ,ਸਿਵਲ ਸਰਜਨ ਦਫ਼ਤਰ ਅਤੇ ਮੀਡੀਆ ਪਾਰਟਨਰ ਦੈਨਿਕ ਸਵੇਰਾ ਦੇ ਸਹਿਯੋਗ ਨਾਲ ਨਹਿਰੂ ਪਾਰਕ ਪਟਿਆਲਾ ਵਿਖੇ ਇੱਕ ਵਿਸ਼ਾਲ ਯੋਗਾ ਸਮਾਗਮ ਅਤੇ ਗਰੀਨ ਪਟਿਆਲਾ, ਕਲੀਨ ਪਟਿਆਲਾ ਮੁਹਿੰਮ ਤਹਿਤ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਾਲ ਦਾ ਵਿਸ਼ਵਿਆਪੀ ਥੀਮ ਇੱਕ ਧਰਤੀ, ਇੱਕ ਸਿਹਤ ਲਈ ਯੋਗਾ ਰੱਖਿਆ ਗਿਆ ਹੈ, ਜੋ ਮਨੁੱਖ ਅਤੇ ਕੁਦਰਤ ਦੇ ਆਪਸੀ ਸਬੰਧਾਂ ਉੱਤੇ ਜ਼ੋਰ ਦਿੰਦਾ ਹੈ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮੇਅਰ ਪਟਿਆਲਾ ਕੁੰਦਨ ਗੋਗੀਆ ਸ਼ਾਮਲ ਹੋਏ। ਪ੍ਰੋਗਰਾਮ ਦੀ ਪ੍ਰਧਾਨਗੀ ਸਿਵਲ ਸਰਜਨ ਦਫ਼ਤਰ ਤੋਂ । ਪ੍ਰੋਗਰਾਮ ਦਾ ਉਦਘਾਟਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਅਤੇ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਕੀਤਾ। ਇਸ ਮੌਕੇ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਦੱਸਿਆ ਕੀ ਉਹਨਾਂ ਦੀ ਸੰਸਥਾ ਵੱਲੋਂ ਇਹ ਬਾਰਵਾਂ ਯੋਗਾ ਦਿਵਸ ਮਨਾਇਆ ਗਿਆ ਹੈ। ਵਿਸ਼ੇਸ਼ ਤੌਰ ਤੇ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ,ਉਘੀ ਸਮਾਜ ਸੇਵਿਕਾ ਰਵੀਇੰਦਰ ਕੋਰ ਰਾਣਾ ਸਿੱਧੂ,ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਪਟਿਆਲਾ, ਜਸਵਿੰਦਰ ਸਿੰਘ, ਤਰਸੇਮ ਸਿੰਘ , ਦੀਪਕ ਕਪੂਰ,ਵਿਨੇ ਸਰਵਰ, ਯੋਗਾ ਅਚਾਰੀਆ ਅਸ਼ਵਨੀ ਕੰਬੋਜ,ਆਸ਼ਾ ਸ਼ਰਮਾ, ਸੋਸ਼ਲ ਵਰਕਰ ਮਨਜੀਤ ਕੌਰ, ਇੰਦਰਜੀਤ ਸਿੰਘ, ਮੰਗਤ ਰਾਮ ਟੋਨੀ,ਬਵਿਆ, ਪ੍ਰਦੀਪ



ਪੁਰੀ ਸੁਪਰਵਾਈਜ਼ਰ , ਸਾਂਝ ਕੇਂਦਰ ਸਿਟੀ 2 ਦੇ ਇੰਚਾਰਜ ਐਸ ਆਈ ਜਸਵੰਤ ਕੁਮਾਰ ਅਤੇ ਉਹਨਾਂ ਦੀ ਟੀਮ ਹੋਲਦਾਰ ਰਮਨਦੀਪ ਸਿੰਘ ਵੀ ਹਾਜ਼ਰ ਸਨ ਅਤੇ ਨਗਰ ਨਿਗਮ ਪਟਿਆਲਾ ਦੀ ਟੀਮ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪ੍ਰੋਗਰਾਮ ਦੀ ਸ਼ੁਰੂਆਤ ਸਰਵਧਰਮ ਪ੍ਰਾਰਥਨਾ ਅਤੇ ਓਮਕਾਰ ਉਚਾਰਨ ਨਾਲ ਕੀਤੀ ਗਈ।

ਇਸ ਮੌਕੇ ਮੇਅਰ ਪਟਿਆਲਾ ਕੁੰਦਨ ਗੋਗੀਆ ਦੀ ਅਗਵਾਈ ਹੇਠ ਭਾਗੀਦਾਰਾਂ ਨੇ ਕਾਮਨ ਯੋਗਾ ਪ੍ਰੋਟੋਕੋਲ ਅਨੁਸਾਰ ਤਾੜਾਸਨ, ਵ੍ਰਿਕਸ਼ਾਸਨ, ਪਾਦਹਸਤਾਸਨ, ਭੁਜੰਗਾਸਨ, ਸਰਵਾਂਗਾਸਨ, ਅਨੁਲੋਮ-ਵਿਲੋਮ, ਕਪਾਲਭਾਤੀ ਅਤੇ ਧਿਆਨ ਦਾ ਅਭਿਆਸ ਕੀਤਾ। ਕਰੀਬ 45 ਮਿੰਟ ਤੱਕ ਚੱਲੇ ਇਸ ਸਮੂਹਿਕ ਯੋਗਾ ਸੈਸ਼ਨ ਦੌਰਾਨ ਮਾਹੌਲ ਪੂਰੀ ਤਰ੍ਹਾਂ ਊਰਜਾ ਅਤੇ ਸਕਾਰਾਤਮਕਤਾ ਨਾਲ ਭਰ ਗਿਆ।

ਉਹਨਾਂ ਕਿਹਾ ਕਿ ਯੋਗਾ ਸਿਰਫ਼ ਕਸਰਤ ਨਹੀਂ, ਇਹ ਜੀਵਨ ਜਿਊਣ ਦੀ ਇੱਕ ਕਲਾ ਹੈ। ਤਣਾਅ, ਚਿੰਤਾ ਅਤੇ ਬੀਮਾਰੀਆਂ ਦੇ ਇਸ ਦੌਰ ਵਿੱਚ ਯੋਗਾ ਸਾਨੂੰ ਮਾਨਸਿਕ ਸੰਤੁਲਨ ਅਤੇ ਸਰੀਰਕ ਤੰਦਰੁਸਤੀ ਪ੍ਰਦਾਨ ਕਰਦਾ ਹੈ। ਉਹਨਾਂ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਨਿਵੇਕਲੀ ਪਹਿਲ ਕਰਦਿਆਂ ਪਟਿਆਲਾ ਸ਼ਹਿਰ ਦੇ ਪਾਰਕਾਂ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਪਾਰਕਾਂ ਨੂੰ ਸਨਮਾਨਿਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੋਗਾ ਨੂੰ ਜਨ-ਅੰਦੋਲਨ ਬਣਾਉਣ ਲਈ ਪਿੰਡ ਪੱਧਰ ਤੱਕ ਯੋਗਾ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਵਸਦਾ ਹੈ, ਅਤੇ ਯੋਗਾ ਇਸਦਾ ਸਭ ਤੋਂ ਸਰਲ ਅਤੇ ਪ੍ਰਭਾਵੀ ਸਾਧਨ ਹੈ। ਇਸ ਮੌਕੇ ਸਿਵਲ ਸਰਜਨ ਦਫ਼ਤਰ ਤੋਂ ਡਾਕਟਰ ਸੁਮੀਤ ਸਿੰਘ ਨੇ ਗੈਰ-ਸੰਚਾਰੀ ਰੋਗਾਂ ਜਿਵੇਂ ਸ਼ੂਗਰ, ਬੀਪੀ ਅਤੇ ਮੋਟਾਪੇ ਦੀ ਰੋਕਥਾਮ ਵਿੱਚ ਯੋਗਾ ਦੀ ਭੂਮਿਕਾ ਉੱਤੇ ਚਾਨਣਾ ਪਾਇਆ। ਸਮਾਗਮ ਦੌਰਾਨ ਸੰਸਥਾ ਵੱਲੋਂ ਯੋਗਾ ਦੇ ਲਾਭਾਂ ਬਾਰੇ ਜਾਣਕਾਰੀ ਵਾਲੇ ਪੈਂਫਲੈਟ ਵੰਡੇ ਗਏ ਅਤੇ ਮੁਫ਼ਤ ਯੋਗਾ ਕਲਾਸਾਂ ਵਿੱਚ ਰਜਿਸਟਰੇਸ਼ਨ ਲਈ ਕਾਊਂਟਰ ਲਗਾਏ ਗਏ। ਸਕੂਲੀ ਬੱਚਿਆਂ ਨੇ ਯੋਗਾ ਕਰੋ, ਤੰਦਰੁਸਤ ਰਹੋ ਅਤੇ ਸਿਹਤ ਹੀ ਸਭ ਤੋਂ ਵੱਡੀ ਦੌਲਤ ਹੈ ਵਰਗੇ ਨਾਅਰਿਆਂ ਵਾਲੀਆਂ ਝਾਕੀਆਂ ਪੇਸ਼ ਕੀਤੀਆਂ। ਸਭ ਤੋਂ ਵੱਡੀ ਗੱਲ ਇਹ ਰਹੀ ਕਿ ਵੱਖ-ਵੱਖ ਉਮਰ ਵਰਗਾਂ ਦੇ ਲੋਕਾਂ ਨੇ ਉਤਸ਼ਾਹ ਨਾਲ ਭਾਗ ਲੈ ਕੇ ਇਹ ਸੰਦੇਸ਼ ਦਿੱਤਾ ਕਿ ਯੋਗਾ ਦੀ ਕੋਈ ਉਮਰ ਨਹੀਂ ਹੁੰਦੀ।

ਇਸ ਮੌਕੇ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਅੰਤਰਾਸ਼ਟਰੀ ਯੋਗਾ ਦਿਵਸ ਦੀ ਲਹਿਰ ਨੂੰ ਅੱਗੇ ਵਧਾਉਂਦੇ ਹੋਏ ਅਗਲੇ ਇੱਕ ਮਹੀਨੇ ਤੱਕ ਸ਼ਹਿਰ ਦੇ ਪਾਰਕਾਂ, ਸਕੂਲਾਂ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਮੁਫ਼ਤ ਯੋਗਾ ਕੈਂਪ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹੈ ਕਿ ਪਟਿਆਲਾ ਦੇ ਹਰ ਘਰ ਤੱਕ ਯੋਗਾ ਪਹੁੰਚੇ।

ਸਮਾਗਮ ਦੇ ਅੰਤ ਵਿੱਚ ਭਾਗੀਦਾਰਾਂ ਨੂੰ ਮੁਫ਼ਤ ਨਾਸ਼ਤਾ ਵੀ ਦਿੱਤਾ ਗਿਆ ਅਤੇ ਸਾਰਿਆਂ ਨੇ ਹਰ ਰੋਜ਼ ਘੱਟੋ-ਘੱਟ 30 ਮਿੰਟ ਯੋਗਾ ਕਰਨ ਦਾ ਸੰਕਲਪ ਲਿਆ। ਪ੍ਰੋਗਰਾਮ ਵਿੱਚ ਸ਼ਾਮਲ ਹੋਏ ਲੋਕਾਂ ਨੇ ਕਿਹਾ ਕਿ ਅਜਿਹੇ ਆਯੋਜਨ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਸਮਾਜ ਵਿੱਚ ਸਕਾਰਾਤਮਕ ਊਰਜਾ ਵੀ ਭਰਦੇ ਹਨ।

ਇਹ ਸਮਾਗਮ ਨਾ ਸਿਰਫ਼ ਸਿਹਤ ਦਾ ਸੰਦੇਸ਼ ਦੇ ਗਿਆ, ਸਗੋਂ ਇਹ ਵੀ ਦਿਖਾ ਗਿਆ ਕਿ ਜਦੋਂ ਪ੍ਰਸ਼ਾਸਨ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕ ਇੱਕਜੁੱਟ ਹੋ ਕੇ ਕੰਮ ਕਰਦੇ ਹਨ, ਤਾਂ ਕਿਸੇ ਵੀ ਸਮਾਜਿਕ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਡਾਕਟਰ ਹਰਨੇਕ ਸਿੰਘ ਢੋਟ ਸਾਬਕਾ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਨਿਭਾਈ। ਇਸ ਮੌਕੇ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਪੁਨਰਵਾਸ ਕੇਂਦਰ ਪਟਿਆਲਾ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਵਲੰਟੀਅਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪਟਿਆਲਾ ਸ਼ਹਿਰ ਦੇ ਵੱਖ ਵੱਖ ਪਾਰਕਾਂ ਵਿਚੋਂ ਸਾਫ਼ ਸਫ਼ਾਈ ਲਈ ਪਹਿਲੇ ਨੰਬਰ ਤੇ ਹੋਸਿਇਗ ਬੋਰਡ ਵੈਲਫੇਅਰ ਐਸੋਸੀਏਸ਼ਨ ਅਰਬਨ ਅਸਟੇਟ , ਦੂਜਾ ਸਥਾਨ ਮੇਰਾ ਪਟਿਆਲਾ ਮੈ ਸਵਾਰਾਂ, ਤੀਜੇ ਸਥਾਨ ਤੇ ਰਾਮ ਸਰੂਪ ਗੋਇਲ ਯਾਦਗਾਰੀ ਪਾਰਕ ਭਾਰਤ ਵਿਕਾਸ ਪ੍ਰੀਸ਼ਦ ਨੇ ਹਾਸਲ ਕੀਤਾ।

# ਅਮਰੀਕਾ ਵਿੱਚ ਹੋਈ ਦੁਨੀਆ ਦੀ ਸਭ ਤੋਂ ਵੱਡੀ ਸ਼ੂਗਰ ਕਾਨਫਰੰਸ ਵਿੱਚ ਭਾਰਤੀ ਡਾਕਟਰ ਨੇ ਪੇਸ਼ ਕੀਤੀ ਖੋਜ

**ਪਟਿਆਲਾ, 22 ਜੂਨ**
**-ਸ਼.ਅ.ਬਿਓਰੋ-**

ਪਟਿਆਲਾ ਦੇ ਕਾਰਡੀਓ-ਮੈਟਾਬੋਲਿਕ ਮਾਹਿਰ ਡਾ. ਸੰਜੇ ਸਿੰਗਲਾ ਨੇ ਅਮਰੀਕਾ ਦੇ ਨਿਊ ਔਰਲੀਨਜ਼ ਵਿੱਚ ਹੋਈ ਅਮਰੀਕਨ ਡਾਇਬੀਟੀਜ਼ ਐਸੋਸੀਏਸ਼ਨ (141) ਸਾਇੰਟਿਫਿਕ ਸੈਸ਼ਨਜ਼ 2026 ਵਿੱਚ ਆਪਣੀ ਖੋਜ ਪੇਸ਼ ਕੀਤੀ। ਖ਼ਾਸ ਗੱਲ ਇਹ ਰਹੀ ਕਿ ਦੁਨੀਆ ਦੀ ਇਸ ਸਭ ਤੋਂ ਵੱਡੀ ਅਤੇ ਮਾਣਯੋਗ ਡਾਇਬੀਟੀਜ਼ ਕਾਨਫਰੰਸ ਵਿੱਚ ਮੌਖਿਕ ਖੋਜ (Oral Presentation) ਪੇਸ਼ ਕਰਨ ਲਈ ਭਾਰਤ ਤੋਂ ਸਿਰਫ਼ ਦੋ ਖੋਜਕਰਤਾਵਾਂ ਨੂੰ ਸੱਦਾ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚ ਡਾ. ਸਿੰਗਲਾ ਇੱਕ ਸਨ।

ਇਹ ਖੋਜ ਸ਼ੂਗਰ ਦੇ ਮਰੀਜ਼ਾਂ ਵਿੱਚ ਹੋਣ ਵਾਲੀ ਇੱਕ ਆਮ ਪਰ ਅਕਸਰ ਨਜ਼ਰਅੰਦਾਜ਼ ਕੀਤੀ ਜਾਣ ਵਾਲੀ ਸਮੱਸਿਆ 'ਤੇ ਕੇਂਦ੍ਰਿਤ ਸੀ— ਮਾਸਪੇਸ਼ੀਆਂ ਦੀ ਤਾਕਤ ਅਤੇ ਮਾਸਪੇਸ਼ੀਆਂ ਦੀ ਮਾਤਰਾ ਘਟਣਾ। ਇਸ ਕਾਰਨ ਮਰੀਜ਼ਾਂ ਲਈ ਸਿਹਤਮੰਦ ਅਤੇ ਸਰਗਰਮ ਜੀਵਨ ਜੀਣਾ ਔਖਾ ਹੋ ਸਕਦਾ ਹੈ।

ਡਾ. ਸਿੰਗਲਾ ਦੀ ਖੋਜ ਵਿੱਚ ਪਤਾ ਲੱਗਾ ਕਿ ਜ਼ਰੂਰੀ ਅਮੀਨੋ ਐਸਿਡ, ਕ੍ਰੀਏਟਿਨ ਅਤੇ Ca-HMB ਵਾਲੇ ਖ਼ਾਸ ਪੋਸ਼ਣ ਸੰਯੋਗ ਨੂੰ ਆਰਟੀਫ਼ਿਸ਼ਲ



ਇੰਟੈਲੀਜੈਂਸ (19) ਆਧਾਰਿਤ ਡਿਜ਼ਿਟਲ ਹੈਲਥ ਕੋਚਿੰਗ ਨਾਲ ਮਿਲਾ ਕੇ ਦੇਣ ਨਾਲ ਮਰੀਜ਼ਾਂ ਨੂੰ ਮਹੱਤਵਪੂਰਨ ਸਿਹਤ ਲਾਭ ਮਿਲੇ।

ਖੋਜ ਦੇ ਮੁੱਖ ਨਤੀਜੇ ਇਹ ਰਹੇ—

* ਮਾਸਪੇਸ਼ੀਆਂ ਦੀ ਮਾਤਰਾ ਵਿੱਚ ਔਸਤ 1.4 ਕਿਲੋਗ੍ਰਾਮ ਦਾ ਵਾਧਾ
* ਹੱਥਾਂ ਦੀ ਪਕੜ ਵਿੱਚ 12 ਫ਼ੀਸਦੀ ਸੁਧਾਰ
* ਇੰਸੁਲਿਨ ਰੋਧ ਵਿੱਚ 18 ਫ਼ੀਸਦੀ ਕਮੀ, ਜਿਸ ਨਾਲ ਸਰੀਰ ਇੰਸੁਲਿਨ ਦੀ ਹੋਰ ਪ੍ਰਭਾਵਸ਼ਾਲੀ ਵਰਤੋਂ ਕਰ ਸਕੇ।
* 92 ਫ਼ੀਸਦੀ ਮਰੀਜ਼ਾਂ ਨੇ 19-ਆਧਾਰਿਤ ਡਿਜ਼ਿਟਲ ਕੋਚਿੰਗ ਦੀ ਮਦਦ ਨਾਲ ਇਲਾਜ ਦੀ ਯੋਜਨਾ ਦਾ ਸਫ਼ਲਤਾਪੂਰਵਕ ਪਾਲਣ ਕੀਤਾ।

ਖੋਜ ਮੁਤਾਬਕ ਇਹ ਤਰੀਕਾ ਸ਼ੂਗਰ ਦੇ ਮਰੀਜ਼ਾਂ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਰੱਖਣ, ਸਰੀਰ ਦੀ ਮੈਟਾਬੋਲਿਕ ਸਿਹਤ ਵਿੱਚ ਸੁਧਾਰ ਕਰਨ ਅਤੇ ਉਨ੍ਹਾਂ ਨੂੰ ਹੋਰ ਸਿਹਤਮੰਦ ਅਤੇ ਸਰਗਰਮ ਜੀਵਨ ਜੀਣ ਵਿੱਚ ਮਦਦਗਾਰ ਹੋ ਸਕਦਾ ਹੈ। ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਅੱਜਕੱਲ੍ਹ ਵਰਤੀਆਂ ਜਾਣ ਵਾਲੀਆਂ ਕੁਝ ਨਵੀਆਂ ਸ਼ੂਗਰ ਅਤੇ ਭਾਰ ਘਟਾਉਣ ਵਾਲੀਆਂ ਦਵਾਈਆਂ ਨਾਲ ਭਾਰ ਦੇ ਨਾਲ-ਨਾਲ ਮਾਸਪੇਸ਼ੀਆਂ ਵੀ ਘਟ ਸਕਦੀਆਂ ਹਨ। ਆਪਣੀ ਪ੍ਰਸਤੁਤੀ ਤੋਂ ਬਾਅਦ ਡਾ. ਸਿੰਗਲਾ ਨੇ ਕਿਹਾ ਕਿ ਇੰਨੇ ਵੱਡੇ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਦੀ ਨੁਮਾਇੰਦਗੀ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਆਪਣੇ ਖੋਜ ਸਾਥੀਆਂ, ਸਹਿ-ਲੇਖਕਾਂ, ਸਹਿਯੋਗੀਆਂ, ਮਾਰਗਦਰਸ਼ਕਾਂ ਅਤੇ ਪੂਰੀ ਖੋਜ ਟੀਮ ਦਾ ਇਸ ਅਧਿਐਨ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ।

ਇਹ ਪ੍ਰਸਤੁਤੀ ਡਾਇਬੀਟੀਜ਼ ਖੋਜ ਦੇ ਖੇਤਰ ਵਿੱਚ ਭਾਰਤ ਦੇ ਵੱਧ ਰਹੇ ਯੋਗਦਾਨ ਅਤੇ ਮਰੀਜ਼ਾਂ ਦੀ ਬਿਹਤਰ ਦੇਖਭਾਲ ਲਈ ਆਧੁਨਿਕ ਪੋਸ਼ਣ ਵਿਗਿਆਨ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ (19) ਦੀ ਵਧਦੀ ਭੂਮਿਕਾ ਨੂੰ ਦਰਸਾਉਂਦੀ ਹੈ।

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ "ਸਿਹਤਮੰਦ ਉਮਰ ਲਈ ਯੋਗ" ਵਿਸ਼ੇ 'ਤੇ ਮਨਾਇਆ ਗਿਆ ਅੰਤਰਰਾਸ਼ਟਰੀ ਯੋਗ ਦਿਵਸ



**ਚੰਡੀਗੜ੍ਹ, 22 ਜੂਨ**
**-ਸ਼.ਅ.ਬਿਓਰੋ-**

ਅੱਜ ਇਥੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਕਾਰਜਕਾਰੀ ਚੀਫ਼ ਜਸਟਿਸ ਮਾਨਯੋਗ ਜਸਟਿਸ ਸ੍ਰੀ ਅਸ਼ਵਨੀ ਕੁਮਾਰ ਮਿਸ਼ਰਾ ਦੀ ਅਗਵਾਈ ਹੇਠ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ 2026 ਮਨਾਇਆ ਗਿਆ, ਜਿਸ ਦੌਰਾਨ ਮਾਨਯੋਗ ਜਸਟਿਸ ਸ੍ਰੀ ਹਰਸਿਮਰਨ ਸਿੰਘ ਸੇਠੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੇ ਹੋਰ ਮਾਣਯੋਗ ਜੱਜਾਂ ਨੇ ਹਾਜ਼ਰੀ ਲਵਾਈ।

ਇਸ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਦਾ ਵਿਸ਼ਾ ਸਿਹਤਮੰਦ ਉਮਰ ਲਈ ਯੋਗ ਰੱਖਿਆ ਗਿਆ ਸੀ, ਜਿਸ ਦੌਰਾਨ ਜੀਵਨ ਦੇ ਹਰ ਪੜਾਅ ਖਾਸ ਕਰਕੇ ਬਜ਼ੁਰਗਾਂ ਵਿੱਚ ਸਰੀਰਕ ਤੇ ਮਾਨਸਿਕ ਤੰਦਰੁਸਤੀ ਅਤੇ ਜੀਵਨ ਦੀ ਸਮੁੱਚੀ ਗੁਣਵੱਤਾ ਨੂੰ ਉਤਸ਼ਾਹਿਤ ਕਰਨ ਵਿੱਚ ਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।

ਇਹ ਸਮਾਗਮ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ ਮਾਣਯੋਗ ਜੱਜ ਸਾਹਿਬਾਨਾਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਮੈਂਬਰਾਂ, ਹਾਈ ਕੋਰਟ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਯੋਗ ਆਸਣ, ਪ੍ਰਾਣਾਯਾਮ ਅਤੇ ਮੈਡੀਟੇਸ਼ਨ ਦੇ ਅਭਿਆਸ ਕੀਤੇ।

ਇਸ ਮੌਕੇ ਯੋਗ ਮਾਹਿਰਾਂ ਨੇ ਭਾਗੀਦਾਰਾਂ ਨੂੰ ਭਾਰਤ ਦੀ ਪ੍ਰਾਚੀਨ ਵਿਰਾਸਤ ਦੇ ਅਨਮੋਲ ਤੋਹਫ਼ੇ ਵਜੋਂ ਯੋਗ ਦੇ ਅਥਾਹ ਲਾਭਾਂ ਬਾਰੇ ਜਾਣੂ ਕਰਵਾਇਆ।

# ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ

**ਪਟਿਆਲਾ, 22 ਜੂਨ**
**-ਅਮਨਦੀਪ ਸੱਭਰਵਾਲ-**

ਸਥਾਨਕ ਸਰਕਾਰੀ (ਸਟੇਟ) ਕਾਲਜ ਆਫ ਐਜੂਕੇਸ਼ਨ ਵਿਖੇ ਪ੍ਰਿੰਸੀਪਲ ਪ੍ਰੋ. (ਡਾ.) ਵਨੀਤਾ ਰਾਣੀ ਦੀ ਯੋਗ ਅਗਵਾਈ ਹੇਠ ਉਅੰਤਰਰਾਸ਼ਟਰੀ ਯੋਗਾ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਕਾਲਜ ਦੇ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਅੰਤਰਰਾਸ਼ਟਰੀ ਯੋਗਾ ਦਿਵਸ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਨਾ ਸੀ। ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਵਨੀਤਾ ਰਾਣੀ ਨੇ ਸਾਰਿਆਂ ਨੂੰ ਯੋਗਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਯੋਗਾ ਕੇਵਲ ਇੱਕ ਦਿਨ ਦੀ ਗਤੀਵਿਧੀ ਨਹੀਂ, ਬਲਕਿ ਇਸ ਨੂੰ ਰੋਜ਼ਾਨਾ ਦੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਅਤੇ ਮਾੜੀਆਂ ਆਦਤਾਂ ਤੋਂ ਦੂਰ ਰਹਿ ਕੇ ਰੋਜ਼ਾਨਾ ਯੋਗ ਕਰਨ ਦਾ ਪ੍ਰਣ ਲੈਣ ਲਈ ਪ੍ਰੇਰਿਤ ਕੀਤਾ।

ਅੰਤਰਰਾਸ਼ਟਰੀ ਯੋਗਾ ਦਿਵਸ ਦੀ ਸ਼ੁਰੂਆਤ ਸਵੇਰੇ 7:00 ਵਜੇ ਕਾਲਜ



ਦੇ ਖੇਡ ਮੈਦਾਨ ਵਿੱਚ ਹੋਈ। ਯੋਗਾ ਕੈਂਪ ਦੀ ਸ਼ੁਰੂਆਤ ਕਰਦਿਆਂ ਅਸਿ. ਪ੍ਰੋ. ਹਰਦੀਪ ਕੌਰ ਸੈਣ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਯੋਗਾ ਦੇ ਇਤਿਹਾਸ ਅਤੇ ਮਹੱਤਵ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਅਤੇ ਮਾਨਸਿਕ ਤਣਾਅ ਤੋਂ ਮੁਕਤੀ ਪਾਉਣ ਲਈ ਯੋਗਾ ਇੱਕ ਰਾਮਬਾਣ ਇਲਾਜ ਹੈ।ਇਸ ਅਵਸਰ ਤੇ ਸਾਰਿਆਂ ਨੇ ਵੱਖ-ਵੱਖ ਆਸਣ ਜਿਵੇਂ ਕਿ ਤਾੜ ਆਸਣ, ਪ੍ਰਾਣਾਯਾਮ, ਸੂਰਜ ਨਮਸਕਾਰ, ਕਪਾਲਭਾਤੀ ਆਦਿ ਕੀਤੇ। ਅਸਿ. ਪ੍ਰੋ. ਹਰਦੀਪ ਕੌਰ ਸੈਣ ਨੇ ਹਰੇਕ ਆਸਣ ਨੂੰ ਕਰਨ ਦਾ ਸਹੀ ਤਰੀਕਾ ਅਤੇ ਉਸ ਤੋਂ ਹੋਣ ਵਾਲੇ ਸਰੀਰਕ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਪੂਰੀ ਇਕਾਗਰਤਾ ਨਾਲ ਸਾਰੇ ਆਸਣਾਂ ਦਾ ਅਭਿਆਸ ਕੀਤਾ। ਸਮਾਗਮ ਦੇ ਅੰਤ ਵਿੱਚ ਸਾਰਿਆਂ ਨੂੰ ਸਿਹਤਮੰਦ ਰਿਫਰੈਸ਼ਮੈਂਟ (ਫ਼ਲ ਅਤੇ ਜੂਸ) ਵੀ ਵੰਡੀ ਗਈ।

ਇਹ ਸਮਾਗਮ ਕਾਲਜ ਦੇ ਐਨ.ਐਸ.ਐਸ.ਯੂਨਿਟ ਦੇ ਸਹਿਯੋਗ ਨਾਲ ਕੀਤਾ ਗਿਆ।

# ਪਟਿਆਲਾ ਦੇ ਨੂਰ ਸਿੰਗਲਾ ਨੇ CA ਫਾਈਨਲ 'ਚੋਂ ਦੇਸ਼ ਭਰ 'ਚੋਂ ਲਿਆ ਪਹਿਲਾ ਰੈਂਕ

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨੂਰ ਸਿੰਗਲਾ ਦਾ ਘਰ ਪਹੁੰਚ ਕੇ ਕੀਤਾ ਸਨਮਾਨ



**ਪਟਿਆਲਾ, 22 ਜੂਨ**
**-ਛਤਰਪਾਲ ਸਿੰਘ-**

ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ (9319) ਵੱਲੋਂ ਐਲਾਨੇ ਗਏ 31 ਫਾਈਨਲ ਪ੍ਰੀਖਿਆ ਦੇ ਨਤੀਜਿਆਂ ਵਿੱਚ ਪਟਿਆਲਾ ਦੇ ਨੂਰ ਸਿੰਗਲਾ ਨੇ ਆਲ ਇੰਡੀਆ ਰੈਂਕ-1 (AIR A) ਹਾਸਲ ਕਰਕੇ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਦੇਸ਼ ਦੀ ਸਭ ਤੋਂ ਔਖੀ ਮੰਨੀ ਜਾਣ ਵਾਲੀ ਇਸ ਪ੍ਰੀਖਿਆ ਵਿੱਚ ਨੂਰ ਨੇ 600 ਵਿੱਚੋਂ 499 ਅੰਕ ਪ੍ਰਾਪਤ ਕਰਕੇ ਪੂਰੇ ਦੇਸ਼ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਨਾਲ ਜਿੱਥੇ ਪਰਿਵਾਰ ਵਿੱਚ ਖ਼ੁਸ਼ੀ ਦਾ ਮਾਹੌਲ ਹੈ, ਉੱਥੇ ਹੀ ਪੂਰੇ ਪੰਜਾਬ ਅਤੇ ਖਾਸ ਕਰਕੇ ਪਟਿਆਲਾ ਸ਼ਹਿਰ ਦਾ ਨਾਂ ਦੇਸ਼-ਦੁਨੀਆ ਵਿੱਚ ਰੌਸ਼ਨ ਹੋਇਆ ਹੈ।

ਨੂਰ ਸਿੰਗਲਾ ਦੀ ਇਸ ਬੇਮਿਸਾਲ ਸਫ਼ਲਤਾ ਦੀ ਖ਼ਬਰ ਮਿਲਦਿਆਂ ਹੀ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਉਚੇਚੇ ਤੌਰ 'ਤੇ ਨੂਰ ਦੇ ਗ੍ਰਹਿ ਵਿਖੇ ਪਹੁੰਚੇ। ਹੋਣਹਾਰ ਨੌਜਵਾਨ ਅਤੇ ਉਸ ਦੇ ਮਾਪਿਆਂ ਨੂੰ ਵਿਧਾਇਕ ਨੇ ਖ਼ੁਦ ਘਰ ਪੁੱਜ ਕੇ ਵਧਾਈ ਦਿੱਤੀ

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੋਹਲੀ ਨੇ ਕਿਹਾ ਨੂਰ ਸਿੰਗਲਾ ਨੇ ਆਪਣੀ ਅਣਥੱਕ ਸਖ਼ਤ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਸਦਕਾ ਦੇਸ਼ ਦੀ ਸਭ ਤੋਂ ਵੱਕਾਰੀ ਪ੍ਰੀਖਿਆਵਾਂ ਵਿੱਚੋਂ ਇੱਕ ਵਿੱਚੋਂ ਪਹਿਲਾ ਰੈਂਕ ਹਾਸਲ ਕਰਕੇ ਕਮਾਲ ਕਰ ਦਿੱਤਾ ਹੈ। ਅਜਿਹੇ ਬੇਹੱਦ ਹੋਣਹਾਰ ਨੌਜਵਾਨ ਸਾਡੇ ਸਮਾਜ ਅਤੇ ਆਉਣ ਵਾਲੀ ਨਵੀਂ ਪੀੜ੍ਹੀ ਲਈ ਇੱਕ ਮਹਾਨ ਪ੍ਰੇਰਣਾ ਸਰੋਤ ਹਨ। ਨੂਰ ਨੇ ਨਾ ਸਿਰਫ਼ ਆਪਣੇ ਮਾਪਿਆਂ ਦਾ ਸਿਰ ਉੱਚਾ ਕੀਤਾ ਹੈ, ਸਗੋਂ ਪੂਰੇ ਪੰਜਾਬ ਦਾ ਮਾਣ ਵਿਸ਼ਵ ਪੱਧਰ 'ਤੇ ਵਧਾਇਆ ਹੈ।

ਵਿਧਾਇਕ ਕੋਹਲੀ ਨੇ ਅੱਗੇ ਕਿਹਾ ਕਿ ਪਟਿਆਲਾ ਦੀ ਧਰਤੀ ਹਮੇਸ਼ਾ ਹੀ ਮਾਨਸਿਕ ਅਤੇ ਬੌਧਿਕ ਪੱਧਰ 'ਤੇ ਮੋਹਰੀ ਰਹੀ ਹੈ ਅਤੇ ਨੂਰ ਦੀ ਇਸ ਸਫ਼ਲਤਾ ਨੇ ਇਸ ਗੱਲ ਨੂੰ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ। ਨੂਰ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਸ਼ੁਰੂ ਤੋਂ ਹੀ ਪੜ੍ਹਾਈ ਵਿੱਚ ਬਹੁਤ ਗੰਭੀਰ ਅਤੇ ਮਿਹਨਤੀ ਰਿਹਾ ਹੈ। ਉਸ ਦੀ ਦਿਨ-ਰਾਤ ਦੀ ਇਕਾਗਰਤਾ ਸਦਕਾ ਹੀ ਅੱਜ ਇਹ ਮੁਕਾਮ ਹਾਸਲ ਹੋਇਆ ਹੈ।

ਨੂਰ ਦੀ ਇਸ ਇਤਿਹਾਸਕ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਸਥਾਨਕ ਲੋਕਾਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਨੂਰ ਸਿੰਗਲਾ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਜਾ ਰਹੀ ਹੈ।

# ਮਾਛੀਵਾੜਾ ਸਾਹਿਬ ਵਿੱਚ ਫਿਰ ਤੋਂ ਲੱਕੜ ਚੋਰੀ ਦਾ ਮਾਮਲਾ ਸਾਹਮਣੇ ਆਇਆ

**ਮਾਛੀਵਾੜਾ ਸਾਹਿਬ, 22 ਜੂਨ**
**-ਸ਼.ਅ.ਬਿਓਰੋ-**

ਮਾਛੀਵਾੜਾ ਸਾਹਿਬ ਦੇ ਇਲਾਕੇ ਦੇ ਜੰਗਲਾਂ ਵਿੱਚ ਲੱਕੜ ਚੋਰੀ ਦੇ ਮਾਮਲੇ ਵੱਧਦੇ ਜਾ ਰਹੇ ਹਨ। ਜਿਸ ਕਾਰਨ ਵਣ ਵਿਭਾਗ ਦੇ ਅਧਿਕਾਰੀਆਂ ਤੇ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਬਹੁਤ ਜਰੂਰੀ ਹੈ। ਜਾਣਕਾਰੀ ਅਨੁਸਾਰ

ਮਾਛੀਵਾੜਾ ਪੁਲਿਸ ਵੱਲੋਂ ਵਣ ਵਿਭਾਗ ਦੀ ਲੱਕੜ ਚੋਰੀ ਦੇ ਮਾਮਲੇ ਵਿੱਚ ਇੱਕ ਟਰਾਲੀ ਅਤੇ ਇੱਕ ਟੈਂਪੂ ਨੂੰ ਕਾਬੂ ਕਰਕੇ ਇੱਕ ਆਰੇ ਵਾਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਬਾਰੇ ਜਦੋਂ ਮਾਛੀਵਾੜਾ ਥਾਣਾ ਮੁਖੀ ਪਵਿੱਤਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਸਾਨੂੰ ਗੁਪਤ ਸੂਚਨਾ ਮਿਲੀ ਸੀ ਕਿ ਲੁਧਿਆਣਾ ਰੋਡ ਸਥਿਤ ਬਿਜਲੀ ਦਫਤਰ ਦੇ ਨਜ਼ਦੀਕ ਇੱਕ ਘਰ ਵਿੱਚ ਵਣ ਵਿਭਾਗ ਦੀ ਲੱਕੜ ਨਾਲ ਭਰੀ ਟਰਾਲੀ ਖੜੀ ਹੈ, ਅਤੇ ਨਾਲ ਹੀ ਇਹ ਵੀ ਦੱਸਿਆ ਕਿ ਰਾਹੋ ਰੋਡ ਨਜ਼ਦੀਕ ਇੱਕ ਆਰੇ ਦੇ ਅੰਦਰ ਵੀ ਵਣ ਵਿਭਾਗ ਦੇ ਲੱਕੜ ਨਾਲ ਭਰਿਆ ਇੱਕ ਟੈਂਪੂ ਖੜਾ ਹੈ। ਉਸ ਦੇ ਆਧਾਰ ਤੇ ਅਸੀਂ ਪੁਲਿਸ ਪਾਰਟੀ ਸਮੇਤ ਰੇਡ ਕੀਤੀ ਤਾਂ ਵਣ ਵਿਭਾਗ ਦੀ ਲੱਕੜ ਨਾਲ ਭਰੀ ਟਰਾਲੀ ਅਤੇ ਟੈਂਪੂ ਕਬਜ਼ੇ 'ਚ ਲੈ ਲਿਆ। ਉਨ੍ਹਾਂ ਦੱਸਿਆ ਕਿ ਆਰੇ ਦੇ ਮਾਲਕ ਗੁਰਦਰਸ਼ਨ ਲਾਲਾ ਨੂੰ ਕਾਬੂ ਕਰਕੇ ਉਸ ਤੇ ਪਰਚਾ ਦਰਜ ਕੀਤਾ ਗਿਆ ਹੈ। ਮਾਛੀਵਾੜਾ ਥਾਣਾ ਮੁਖੀ ਨੇ ਇਹ ਵੀ ਦੱਸਿਆ ਕਿ ਦੋਸ਼ੀ ਗੁਰਦਰਸ਼ਨ ਲਾਲਾ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਰਿਮਾਂਡ ਲਿਆ ਜਾਵੇਗਾ ਅਤੇ ਇਸ ਵਣ ਵਿਭਾਗ ਦੀ ਲੱਕੜ ਚੋਰੀ ਦੇ ਮਾਮਲੇ ਵਿੱਚ ਜੋ ਵੀ ਹੋਰ ਦੋਸ਼ੀ ਪਾਏ ਜਾਣਗੇ ਉਹਨਾਂ ਦੇ ਉੱਪਰ ਵੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਸੰਬੰਧ ਵਿੱਚ ਵਣ ਰੇਂਜ ਅਫਸਰ ਸ਼ਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਣ ਵਿਭਾਗ ਦੀ ਜੋ ਲੱਕੜ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ ਅਸੀਂ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕਰਦੇ ਹਾਂ, ਅਤੇ ਇਸ ਮਾਮਲੇ ਵਿੱਚ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਵਣ ਗਾਰਡ ਏਕਮ ਸਿੰਘ ਨੂੰ ਸਸਪੈਂਡ ਕੀਤਾ ਜਾਂਦਾ ਹੈ, ਅਤੇ ਜਿਸ ਆਰੇ ਵਿੱਚੋਂ ਵਣ ਵਿਭਾਗ ਦੀ ਲੱਕੜ ਬਰਾਮਦ ਹੋਈ ਹੈ ਉਸ ਆਰੇ ਨੂੰ ਸੀਲ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅੱਜ ਤੋਂ ਦੋ ਸਾਲ ਪਹਿਲਾਂ ਵੀ ਇਹੀ ਟਰਾਲੀ ਅਤੇ ਗੱਡੀ ਸਮੇਤ ਵਣ ਵਿਭਾਗ ਦੀ ਲੱਕੜ ਚੋਰੀ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਉਸ ਵਕਤ ਵੀ ਇਹੀ ਆਰੇ ਦੇ ਮਾਲਕਾਂ ਦਾ ਨਾਮ ਸਾਹਮਣੇ ਆ ਰਿਹਾ ਸੀ, ਅਤੇ ਉਸ ਵਕਤ ਵੀ ਵਣ ਗਾਰਡ ਏਕਮ ਸਿੰਘ ਹੀ ਡਿਊਟੀ ਤੇ ਮੌਜੂਦ ਸੀ ਜੋ ਕਿ ਇੱਕ ਵੱਡਾ ਸਵਾਲੀਆ ਨਿਸ਼ਾਨ ਖੜਾ ਕਰਦਾ ਹੈ..?

## ਗੱਤਕਾ ਐਸੋਸੀਏਸ਼ਨ ਪੰਜਾਬ ਨੇ ਮਨਾਇਆ ਵਿਸ਼ਵ ਗੱਤਕਾ ਦਿਵਸ

# ਵਿਰਾਸਤੀ ਮੁਕਾਬਲਿਆਂ 'ਚ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ ਰਿਹਾ ਜੇਤੂ



**ਫਰੀਦਕੋਟ, 22 ਜੂਨ**
**-ਸ਼.ਅ.ਬਿਓਰੋ-**

ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੀ ਅਗਵਾਈ ਹੇਠ ਗੱਤਕਾ ਐਸੋਸੀਏਸ਼ਨ ਜ਼ਿਲਾ ਫ਼ਰੀਦਕੋਟ ਨੇ ਸਲਾਨਾ ਵਿਸ਼ਵ ਗੱਤਕਾ ਦਿਵਸ ਮਨਾਉਂਦੇ ਹੋਏ ਇੱਥੇ ਪੁਰਾਣੀ ਦਾਣਾ ਮੰਡੀ ਵਿੱਚ ਵਿਰਸਾ ਸੰਭਾਲ ਗੱਤਕਾ ਕੱਪ ਕਰਵਾਇਆ ਜਿਸ ਵਿੱਚ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ ਦੀ ਟੀਮ ਜੇਤੂ ਰਹੀ। ਇਹ ਜਾਣਕਾਰੀ ਦਿੰਦਿਆਂ ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੇ ਜਨਰਲ ਸਕੱਤਰ ਤਲਵਿੰਦਰ ਸਿੰਘ ਫ਼ਿਰੋਜ਼ਪੁਰ, ਪੰਜਾਬ ਦੇ ਮੀਤ ਪ੍ਰਧਾਨ ਅਤੇ ਗੱਤਕਾ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਮਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਗੱਤਕਾ ਕੱਪ ਵਿੱਚ 4 ਲੜਕਿਆਂ ਦੀਆਂ ਟੀਮਾਂ ਅਤੇ ਇੱਕ ਲੜਕੀਆਂ ਦੀ ਟੀਮ ਨੇ ਭਾਗ ਲਿਆ। ਜੱਥੇਦਾਰ ਬਾਬਾ ਬਿਨੋਦ ਸਿੰਘ ਗੱਤਕਾ ਅਖਾੜਾ ਫਰੀਦਕੋਟ ਅਤੇ ਸਰਦਾਰ ਗੁਰਸੇਵਕ ਸਿੰਘ ਭਾਣਾ ਲਜ਼ੀਜ਼ ਦੇ ਸਹਿਯੋਗ ਨਾਲ ਕਰਵਾਏ ਇਸ ਗੱਤਕਾ ਕੱਪ ਵਿੱਚ ਸ਼ਹਿਰ ਦੀਆਂ ਵੱਖ-ਵੱਖ ਪ੍ਰਮੁੱਖ ਹਸਤੀਆਂ ਨੇ ਵੀ ਸ਼ਿਰਕਤ ਕੀਤੀ। ਇਸ ਵਿਰਸਾ ਸੰਭਾਲ ਗੱਤਕਾ ਕੱਪ ਬਾਰੇ ਹੋਰ ਜਾਣਕਾਰੀ ਦਿੰਦਿਆਂ ਜਿਲ੍ਹਾ ਗੱਤਕਾ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਤੇ ਨੈਸ਼ਨਲ ਗੱਤਕਾ ਕੋਚ ਨਰਿੰਦਰਪਾਲ ਸਿੰਘ ਪਾਰਸ ਨੇ ਦੱਸਿਆ ਕਿ ਗੱਤਕਾ ਪ੍ਰਦਰਸ਼ਨੀ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਥਮ ਸਹਾਇ ਗੱਤਕਾ ਅਖਾੜਾ ਲੁਧਿਆਣਾ, ਦੂਜਾ ਸਥਾਨ ਜਥੇਦਾਰ ਬਾਬਾ ਬਿਨੋਦ ਸਿੰਘ ਗੱਤਕਾ ਅਖਾੜਾ ਫਰੀਦਕੋਟ ਅਤੇ ਤੀਜਾ ਸਥਾਨ ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਕੋਟਕਪੂਰਾ ਨੇ ਹਾਸਲ ਕੀਤਾ। ਇਸ ਮੌਕੇ ਹੋਏ ਗੱਤਕਾ ਸੋਟੀ ਦੇ ਮੁਕਾਬਲਿਆਂ ਵਿੱਚੋਂ ਕਸ਼ਮੀਰ ਸਿੰਘ ਕੋਟਕਪੂਰਾ ਨੇ ਪਹਿਲਾ ਸਥਾਨ, ਸਾਹਿਬਪ੍ਰੀਤ ਸਿੰਘ ਲੁਧਿਆਣਾ ਨੇ ਦੂਜਾ ਸਥਾਨ ਜਦਕਿ ਨਵਕਰਨ ਸਿੰਘ ਫਰੀਦਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

# ਮੁੱਖ ਮੰਤਰੀ ਦੀ ਸੱਚਾਈ ਸਾਹਮਣੇ ਆਉਣ ਨਾਲ ਆਪ ਬੁਖਲਾਹਟ ਵਿਚ ਕਿਉਂ ਆਈ: ਬਿੱਟੂ ਚੱਠਾ



**ਪਟਿਆਲਾ, 22 ਜੂਨ**
**-ਅਮਨਦੀਪ ਸੱਭਰਵਾਲ-**

ਸੂਬੇ ਅੰਦਰ ਜਿਸ ਦਿਨ ਤੋਂ ਸਿੱਖਾਂ ਦੀ ਸਰਵ ਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਦੀ ਵੀਡੀਓ ਦਾ ਸੱਚ ਸਾਹਮਣੇ ਲਿਆਉਂਦਾ ਹੈ, ਉਸ ਦਿਨ ਤੋਂ ਆਮ ਆਦਮੀ ਪਾਰਟੀ ਬੁਖਲਾਹਟ ਵਿਚ ਦੇਖਣ ਨੂੰ ਮਿਲ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਸਪਾਲ ਸਿੰਘ ਬਿੱਟੂ ਚੱਠਾ ਨੇ ਪਿੰਡਾਂ ਵਿਚ ਮੀਟਿੰਗ ਕਰਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਚੱਠਾ ਨੇ ਕਿਹਾ ਕਿ ਸਰਕਾਰ ਨੇ ਆਪਣੀ ਕਾਰਜਕਾਲ ਦੇ 5 ਸਾਲ ਦੇ ਲਗਭਗ ਪੂਰੇ ਹੋਣ ਵਾਲੇ ਹਨ, ਜਿਨ੍ਹਾਂ ਵਿਚ ਪੰਜਾਬ ਲਈ ਕੋਈ ਵੀ ਕਾਰਜ ਨਹੀਂ ਕੀਤਾ। ਅੱਜ ਹਰ ਪਾਸਿਓਂ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਤੋਂ ਬੇਹੱਦ ਦੁਖੀ ਹਨ। ਜਿਹੜੇ ਬਦਲਾਓ ਤਹਿਤ ਸੂਬੇ ਅੰਦਰ ਸੱਤਾ ਪਰਿਵਰਤਨ ਲੋਕਾਂ ਵੱਲੋਂ ਲਿਆਂਦਾ ਗਿਆ ਸੀ, ਉਸ ਤੋਂ ਹੀ ਪੰਜਾਬ ਦੇ ਲੋਕ ਦੁਖੀ ਹਨ। ਉਨ੍ਹਾਂ ਕਿਹਾ ਕਿ ਔਰਤਾਂ ਨਾਲ ਹਰ ਮਹੀਨੇ ਮੁੱਖ ਮੰਤਰੀ ਵੱਲੋਂ ਖਾਤਿਆਂ ਵਿਚ ਪੈਸੇ ਪਾਉਣ ਦਮਗੱਜੇ ਮਾਰੇ ਜਾ ਰਹੇ ਹਨ, ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਸਰਕਾਰ ਨੇ ਔਰਤਾਂ ਨੂੰ ਧੋਖਾ ਦਿੱਤਾ ਹੈ। ਜਿਸ ਦਾ ਖਮਿਆਜ਼ਾ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ੇ ਦੀ ਪੰਡ ਲਗਾਤਾਰ ਵਧਦੀ ਜਾ ਰਹੀ ਹੈ, ਜਿਸ ਨਾਲ ਹਰ ਪੰਜਾਬੀ ਨਮੋਸ਼ੀ ਮਹਿਸੂਸ ਕਰ ਰਿਹਾ ਹੈ। ਪੰਜਾਬ ਦੇ ਖਜਾਨੇ ਨੂੰ ਭਰਿਆ ਦੱਸਣ ਦੇ ਦਾਅਵੇ ਕਰਨ ਵਾਲਾ ਮੁੱਖ ਮੰਤਰੀ ਕੇਂਦਰ ਸਰਕਾਰ ਤੋਂ ਲਗਾਤਾਰ ਕਰਜਾ ਲੈ ਰਿਹਾ ਹੈ ਅਤੇ ਆਪਣੀਆਂ ਮਸ਼ਹੂਰੀਆਂ 'ਤੇ ਖਰਚ ਕੀਤਾ ਜਾ ਰਿਹਾ ਹੈ ਤਾ ਹੀ ਦੂਜੀਆਂ ਯੋਜਨਾਵਾਂ ਪੈਸੇ ਨਾ ਹੋਣ ਕਾਰਨ ਖੂਹ ਖਾਤੇ ਪੈ ਗਈਆਂ ਹਨ।

# ਮਾਮਲਾ: ਵੱਡੀ ਨਦੀ ਦੀ ਸਫਾਈ ਨਾ ਹੋਣ ਦਾ; ਸਫਾਈ ਦਾ ਕੰਮ ਤਾਂ ਦੂਰ ਦੀ ਗੱਲ, ਪਾਈਪ ਵੀ ਦੱਬੇ ਗਏ ਨੀਵੇਂ: ਮਹੰਤ ਖਨੌੜਾ

**ਪਟਿਆਲਾ, 22 ਜੂਨ**
**-ਮਨੋਜ ਵਰਮਾ-**

ਜਦੋਂ ਵੀ ਪਟਿਆਲਾ ਅੰਦਰ ਹੜ੍ਹਾਂ ਦਾ ਪਾਣੀ ਆਉਂਦਾ ਹੈ ਤਾਂ ਉਦੋਂ ਹੀ ਸਮੁੱਚੇ ਪਟਿਆਲਵੀਆਂ ਅਤੇ ਦਿਹਾਤੀ ਖੇਤਰ ਦੇ ਲੋਕਾਂ ਦਾ ਭਾਰੀ ਨੁਕਸਾਨ ਹੁੰਦਾ ਹੈ, ਕਿਉਂਕਿ ਪ੍ਰਸਾਸ਼ਨ ਅੱਖਾਂ ਮੀਚ ਕੇ ਨਜ਼ਾਰਾ ਵੇਖਦਾ ਰਹਿੰਦਾ ਹੈ ਪਰ ਜਦੋਂ ਹੜ੍ਹਾਂ ਦਾ ਪਾਣੀ ਲੋਕਾਂ ਦਾ ਨੁਕਸਾਨ ਕਰਦਾ ਹੈ, ਉਦੋਂ ਹੀ ਸਫਾਈ ਦੇ ਕਾਰਜ ਆਰੰਭ ਕਰ ਦਿੱਤੇ ਜਾਂਦੇ ਹਨ। ਲਿਹਾਜ਼ਾ ਵੱਡੀ ਨਦੀ ਦੀ ਸਫਾਈ ਨੂੰ ਲੈ ਕੇ ਭੜਕੇ ਕਾਂਗਰਸੀ ਆਗੂ ਤੇ ਸਾਬਕਾ ਸੂਬਾ ਚੇਅਰਮੈਨ ਮਹੰਤ ਹਰਵਿੰਦਰ ਖਨੌੜਾ ਨੇ ਕਿਹਾ ਕਿ ਆਪ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਸਫਾਈ ਦੇ ਕੰਮ ਦਾ ਨਾ ਤਾਂ ਜਾਇਜ਼ਾ ਲੈਂਦੇ ਹਨ ਅਤੇ ਨਾ ਹੀ ਪ੍ਰਸਾਸ਼ਨ ਨੂੰ ਇਸ ਦੀ ਸਫਾਈ ਕਰਨ ਲਈ ਆਖਦੇ ਹਨ। ਜਿਸ ਤੋਂ ਸਾਫ ਪਤਾ ਚੱਲਦਾ ਹੈ



ਕਿ ਨਦੀਆਂ ਨਾਲਿਆਂ ਦੀ ਸਫਾਈ ਦਾ ਕੰਮ ਰੱਬ ਆਸਰੇ ਹੀ ਹੈ, ਹੁਣ ਵੀ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ ਪਰ ਵੱਡੀ ਨਦੀ 'ਤੇ ਕੋਈ ਵੀ ਸਫਾਈ ਦਾ ਕੰਮ ਨਹੀਂ ਹੋਇਆ, ਜਿਸ ਨੂੰ ਲੈ ਕੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਹੈ।

ਇਸ ਸੰਬੰਧੀ ਗੱਲਬਾਤ ਕਰਦੇ ਹੋਏ ਕਿਹਾ ਕਿ ਨਦੀ ਵਿਚਲੇ ਦੱਬੇ ਗਏ ਪਾਈਪ ਸਰਕਾਰ ਨੇ ਕਿਸੇ ਅਣਜਾਣ ਵਿਅਕਤੀਆਂ ਤੋਂ ਦਬਵਾਏ ਲੱਗਦੇ ਹਨ, ਕਿਉਂਕਿ ਇਹ ਪਾਈਪ ਇੰਨੇ ਨੀਵੇਂ ਹਨ ਕਿ ਜਦੋਂ ਬਰਸਾਤ ਦਾ ਪਾਣੀ ਇਸ ਵਿਚੋਂ ਲੰਘਿਆ ਕਰੇਗਾ ਤਾਂ ਉਹ ਪਾਣੀ ਬੈਕ ਮਾਰਿਆ ਕਰਨਗੇ, ਜਿਸ ਨਾਲ ਲੋਕਾਂ ਦੇ ਘਰਾਂ ਵਿਚ ਪਾਣੀ ਵੜ੍ਹਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸਾਸ਼ਨ ਨੇ 30 ਜੂਨ ਤੋਂ ਪਹਿਲਾਂ ਨਦੀ ਦੀ ਸਫਾਈ ਅਤੇ ਪਾਈਪ ਉੱਚੇ ਚੁੱਕਣ ਦਾ ਕੰਮ ਮੁਕੰਮਲ ਨਾ ਕੀਤਾ ਤਾਂ ਕਾਂਗਰਸ ਪਾਰਟੀ ਪਟਿਆਲਾ ਦਿਹਾਤੀ ਪੱਧਰ 'ਤੇ ਨਦੀ ਦੇ ਪੁਲ ਉਤੇ ਧਰਨਾ ਲਗਾਵੇਗੀ। ਜਿਸ ਦਾ ਜਿਮੇਵਾਰ ਪ੍ਰਸਾਸ਼ਨ ਹੋਵੇਗਾ। ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ ਕੋਈ ਵੀ ਲੋਕ ਹਿੱਤ ਦਾ ਕੰਮ ਨਹੀਂ ਕੀਤਾ, ਉਲਟਾ ਲੋਕਾਂ ਦੇ ਖਿਲਾਫ ਹੀ ਕੀਤੇ ਹਨ। ਉਥੇ ਹੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੱਤਾ ਵਿਚ ਆਉਣ ਤੋਂ ਪਹਿਲਾਂ ਸੈਂਕੜੇ ਹੀ ਵਾਅਦੇ ਆਪਣੇ ਚੋਣ ਮੈਨੀਫੈਸਟੋ ਵਿਚ ਕੀਤੇ ਸਨ, ਜੋ ਹੁਣ ਪੰਜਾਬ ਦੇ ਮੁੱਖ ਮੰਤਰੀ ਮੁਕਰ ਚੁੱਕੇ ਹਨ। ਜਿਸ ਦਾ ਜਵਾਬ ਪੰਜਾਬ ਦੇ ਲੋਕ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਦੇਣ ਲਈ ਤਿਆਰ ਬਰ ਤਿਆਰ ਬੈਠੇ ਹਨ।

ਨਦੀ ਦਾ ਦੌਰਾ ਕਰਨ ਸਮੇਂ ਡਾਕਟਰ ਪ੍ਰੋ. ਰਣਜੀਤ ਸਿੰਘ, ਯੁਵਰਾਜ ਸਿੰਘ ਐਡਵੋਕੇਟ, ਸਾਗਰ ਸਿੰਘ ਤਿਆਗੀ, ਜਤਿੰਦਰ ਧਵਨ, ਡਾਲਮੀਆ ਅਰਬਨ ਅਸਟੇਟ, ਕੈਪਟਨ ਰਾਣਾ ਸਿੰਘ, ਆਰ. ਕੇ. ਸ਼ਰਮਾ, ਇੰਦਰਜੀਤ ਸਿੰਘ ਮਵੀ, ਸੰਦੀਪ ਸਿੰਘ, ਮਨਮੋਹਨ ਅਰੋੜਾ, ਜੇ. ਪੀ. ਸਿੰਘ, ਅਜੀਤ ਸਿੰਘ ਸੰਧੂ, ਹਰਦਿਆਲ ਸਿੰਘ ਢਿਲੋਂ, ਅਰਵਿੰਦ ਸਿੰਘ, ਹਰਪ੍ਰੀਤ ਢੀਂਡਸਾ, ਗੁਰਮੀਤ ਰਹਿਲ, ਗੋਪਾਲ ਖਨੌੜਾ, ਜਤਿੰਦਰ ਬੰਟੀ, ਗੁਰਮੀਤ ਟਿਵਾਣਾ, ਪ੍ਰਭਜੋਤ ਸਿੰਘ ਟਿਵਾਣਾ ਵੀ ਹਾਜ਼ਰ ਸਨ।

